


# ਮਹਿਕ-ਏ-ਵਤਨ
# Mehak Ewattan
**Fortnightly Newspaper**



**Hardev Brar**
Chief Editor

• Vol-II • Issue- 12 • Phone : +64,274-427-338 +64 9 3900004 • www.mehakewattan.com • December 2024

**03** ਨਿਊਯਾਰਕ ਦੇ ਮੇਅਰ ਨੇ ਕੀਤਾ ਟਰੰਪ ਦਾ ਸਮਰਥਨ



**08** ਸੈਲਾਨੀਆਂ ਲਈ ਪਹਿਲੀ ਪਸੰਦ ਬਣਿਆ ਨਿਊਜ਼ੀਲੈਂਡ



**13** ਆਪਸੀ ਗੱਲਬਾਤ ਨਾਲ ਸੁਲਝੇਗਾ ਕੰਗਨਾ- ਜਾਵੇਦ ਅਖ਼ਤਰ ਦਾ ਕੇਸ



**15** IND vs AUS 3rd Test : ਮੀਂਹ ਕਾਰਨ ਪਹਿਲੇ ਦਿਨ ਦੀ ਖੇਡ ਛੇਤੀ ਖਤਮ



## ਆਕਲੈਂਡ ਦੇ ਉਪਨਗਰਾਂ ਚੋਂ ਪਾਪਾਕੂਰਾ ‘ਚ ਸਭ ਤੋਂ ਵੱਧ ਤੇਜੀ ਨਾਲ ਵਧੀ ਆਬਾਦੀ



ਆਕਲੈਂਡ - ਆਂਕੜੇ ਦੱਸਦੇ ਹਨ ਕਿ ਬੀਤੇ 5 ਸਾਲਾਂ ਵਿੱਚ ਸਭ ਤੋਂ ਜਿਆਦਾ ਜਿਨ੍ਹਾਂ ਆਕਲੈਂਡ ਦੇ ਉਪਨਗਰਾਂ ਵਿੱਚ ਆਬਾਦੀ ਦਾ ਵਾਧਾ ਹੋਇਆ ਹੈ, ਉਨ੍ਹਾਂ ਵਿੱਚ ਪਾਪਾਕੂਰਾ ਵਿੱਚ ਦੀ ਆਬਾਦੀ 14,638 ਵੱਧਕੇ 72,318 ਹੋ ਗਈ ਹੈ, ਜਦਕਿ ਫ੍ਰੈਂਕਲਿਨ ਦੀ ਆਬਾਦੀ 9519 ਵੱਧਕੇ 84,357 ਹੋ ਗਈ ਹੈ ਤੇ ਮੈਨੂਰੇਵਾ ਦੀ ਆਬਾਦੀ 3114 ਵੱਧਕੇ 98,784 ਹੋ ਗਈ ਹੈ।

ਇਹ ਬੀਤੇ 5 ਸਾਲਾਂ ਵਿੱਚ ਆਕਲੈਂਡ ਦੇ ਸਭ ਤੋਂ ਤੇਜੀ ਨਾਲ ਆਬਾਦੀ ਵਧਣ ਵਾਲੇ ਇਲਾਕੇ ਵੀ ਸਾਬਿਤ ਹੋਏ ਹਨ।

ਪਾਪਾਕੁਰਾ ਦੀ ਆਬਾਦੀ ਸਭ ਤੋਂ ਸਥਿਰ ਦੱਸੀ ਜਾ ਰਹੀ ਹੈ, ਜਿੱਥੇ ਬਜੁਰਗਾਂ ਦੀ ਗਿਣਤੀ ਘੱਟ ਤੇ ਨੌਜਵਾਨਾਂ ਦੀ ਗਿਣਤੀ ਜਿਆਦਾ ਹੈ।

## ਆਕਲੈਂਡ, ਵਲਿੰਗਟਨ, ਟੌਰੰਗੇ ‘ਚ ਨਵੀਆਂ ਬਣੀਆਂ ਸੜਕਾਂ ‘ਤੇ ਲੱਗੇਗਾ ਟੋਲ



ਆਕਲੈਂਡ - ਟ੍ਰਾਂਸਪੋਰਟ ਮਨਿਸਟਰ ਸੀਮਿਓਨ ਬਰਾਉਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਉਨ੍ਹਾਂ ਦੀ ਸਰਕਾਰ ਆਕਲੈਂਡ, ਟੌਰੰਗੇ ਤੇ ਵਲਿੰਗਟਨ ਵਿੱਚ ਬਣੀਆਂ ਨਵੀਆਂ ਸੜਕਾਂ ‘ਤੇ ਟੋਲ ਲਾਉਣ ਜਾ ਰਹੀ ਹੈ। ਜਿਨ੍ਹਾਂ ਸੜਕਾਂ ‘ਤੇ ਇਹ ਟੋਲ ਲਾਇਆ ਜਾਏਗਾ, ਉਹ ਹਨ ਨਾਰਥ ਆਕਲੈਂਡ ਦਾ ਪੈਨਲਿੰਕ, ਟੌਰੰਗੇ ਦਾ ਟਾਕੀਟੀਮੁ ਨਾਰਥ ਲਿੰਕ, ਨਾਰਥ ਆਈਲੈਂਡ ਦਾ ਓਟਾਕੀ ਟੂ ਨਾਰਥ ਲੇਵਿਨ ਹਾਈਵੇਅ। ਇਸ ਟੋਲ ਤੋਂ ਹੋਣ ਵਾਲੀ ਕਮਾਈ ਨੂੰ ਇਨ੍ਹਾਂ ਸੜਕਾਂ ਦੀ ਮੁਰਮੰਤ ‘ਤੇ ਹੀ ਖਰਚਿਆ ਜਾਏਗਾ।

ਇਨ੍ਹਾਂ ਸੜਕਾਂ ਤੋਂ ਗੁਜਰਣ ਵਾਲੀਆਂ ਗੱਡੀਆਂ ਤੋਂ $2.10 ਤੋਂ $3 ਤੱਕ ਬਤੌਰ ਟੋਲ ਉਗਰਾਹੇ ਜਾਣਗੇ।

Rubal Singh

Ray White




No. 1
RAY WHITE MANUKAU
2020-2021

Rubal Singh
021 333 350
rubal.singh@raywhite.com

www.rubalsingh.co.nz

Ray White Manukau | AT Realty Limited Licensed (REAA 2008)

## ਨਿਊਜੀਲੈਂਡ ਵਾਸੀਆਂ ਦੀ ਮਨਪਸੰਦ ਸਵੀਫਟ ਕਾਰ ਨੂੰ ਮਿਲੀ 1 ਸਟਾਰ ਰੈਟਿੰਗ




ਆਕਲੈਂਡ - ਨਿਊਜੀਲੈਂਡ ਵਾਸੀਆਂ ਦੀ ਮਨਪਸੰਦ ਕਾਰ ਸੂਜੁਕੀ ਸਵੀਫਟ ਨੂੰ ਨੈਸ਼ਨਲ ਕਰੈਸ਼ ਟੈਸਟ ਆਡੀਟਰ - ਐਨਕੇਪ ਦੀ ਸੁਰੱਖਿਆ ਰੇਟਿੰਗ ਵਿੱਚ ਸਿਰਫ 1 ਸਟਾਰ ਹਾਸਿਲ ਹੋਇਆ ਹੈ। ਰੇਟਿੰਗ ਵਿੱਚ ਕੁੱਲ 5 ਸਟਾਰ ਦਿੱਤੇ ਜਾ ਸਕਦੇ ਹਨ, ਜਦਕਿ ਸਵੀਫਟ ਨੂੰ ਸਿਰਫ 1 ਸਟਾਰ ਹਾਸਿਲ ਹੋਇਆ ਹੈ, ਜੋ ਕਿ ਸੁਰੱਖਿਆ ਦੇ ਮੱਦੇਨਜਰ ਕਾਫੀ ਮਾੜੀ ਰੇਟਿੰਗ ਹੈ।

ਇਸ ਸਬੰਧੀ ਸੂਜੁਕੀ ਨਿਊਜੀਲੈਂਡ ਦੇ ਚੀਫ ਐਗਜੀਕਿਊਟਿਵ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਇਸ ਸਬੰਧੀ ਇਹੋ ਕਹਿਣਾ ਹੈ ਕਿ ਉਹ ਕਾਰ ਮੇਕਰ ਨੂੰ ਇਸ ਕਾਰ ਨੂੰ ਹੋਰ ਸੁਰੱਖਿਅਤ ਬਨਾਉਣ ਬਾਰੇ ਕਹਿਣਗੇ। ਦੱਸਦੀਏ ਕਿ ਹਰ ਸਾਲ ਨਿਊਜੀਲੈਂਡ ਵਾਸੀ ਹਜਾਰਾਂ ਦੀ ਗਿਣਤੀ ਵਿੱਚ ਸਵੀਫਟ ਕਾਰ ਖ੍ਰੀਦ ਰਹੇ ਹਨ।

**MPS Surgery Ltd**

**Services Provided:**
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
**Phone No. : (09) 276 7111**
Email Id: admin@mpssurgery.co.nz

# ਸਿੰਘ ਸਭਾ ਬ੍ਰਿਸਬੇਨ ਗੁਰਮੁਖੀ ਸਕੂਲ ਦਾ ਸਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ



ਬ੍ਰਿਸਬੇਨ - ਗੁਰਦੁਆਰਾ ਸਿੰਘ ਸਭਾ ਬ੍ਰਿਸਬੇਨ ਟੈਗਮ ਆਸਟ੍ਰੇਲੀਆ ਵੱਲੋਂ ਚਲਾਏ ਜਾਂਦੇ ਸਿੰਘ ਸਭਾ ਬ੍ਰਿਸਬੇਨ ਗੁਰਮੁਖੀ ਸਕੂਲ ਟੈਗਮ ਦਾ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਹ ਜਾਣਕਾਰੀ ਦਿੰਦੇ ਹੋਏ ਸੁਰਜੀਤ ਸਿੰਘ ਬਾਜਾ ਖਾਨਾ ਨੇ ਦੱਸਿਆ ਕਿ ਇਸ ਸਕੂਲ ਵਿਚ ਇਸ ਸਾਲ 225 ਬੱਚਿਆਂ ਨੇ ਲਗਭਗ ਦਾਖਲਾ ਲਿਆ। ਇਹ ਸਕੂਲ ਹਰ ਐਤਵਾਰ 8 ਵਜੇ ਤੋ 2 ਵਜੇ ਤੱਕ ਬੱਚਿਆਂ ਨੂੰ ਜਿਵੇ ਹਰਮੋਨੀਅਮ ਕਲਾਸ, ਕੋਡਿੰਗ ਕਲਾਸ, ਤਬਲਾ ਕਲਾਸ, ਗੁਰਮਤਿ ਕਲਾਸ ਤੇ ਪਹਿਲੀ ਕਲਾਸ ਤੋਂ ਛੇਵੀ ਕਲਾਸ ਤੱਕ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ। ਅਗਲੇ ਵਰੇ ਸੱਤਵੀਂ ਕਲਾਸ ਦਾ ਦਾਖਲਾ ਫਾਰਮ ਵੀ ਲਏ ਜਾਣਗੇ।

ਇਸ ਸਕੂਲ ਦਾ ਸਿਲੇਬਸ ਵੀ ਆਸਟ੍ਰੇਲੀਅਨ ਅਤੇ ਕੁਈਨਜਲੈਂਡ ਸਿਲੇਬਸ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਹੈ। ਸਮਾਗਮ ਵਿਚ ਹਰ ਕਲਾਸ ਵਿੱਚੋਂ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ। ਸਮੂਹ ਸਕੂਲ ਸਟਾਫ ਟੀਮ ਤੇ ਇਸ ਸਕੂਲ ਵਿਚ ਆਪਣਾ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਸ਼ਖਸੀਅਤਾਂ ਦਾ ਵਿਸ਼ੇਸ ਤੌਰ 'ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਪਰਮਿੰਦਰ ਸਿੰਘ ਮਾਸਟਰ,ਬਲਵਿੰਦਰ ਸਿੰਘ ਬਿੰਦਾ ,ਸੁਰਜੀਤ ਸਿੰਘ ਬਾਜਾ ਖਾਨਾ (ਸਾਰੇ ਡਾਇਰੈਕਟਰ ਗੁਰਦੁਆਰਾ ਪ੍ਰਬੰਧਕ ਕਮੇਟੀ) ਡਾ. ਅਮਨਦੀਪ ਸਿੰਘ ਪੰਨੂ, ਕੁਲਵੰਤ ਸਿੰਘ ਕਿੰਗਰਾ, ਬੇਅੰਤ ਸਿੰਘ ਜੋਹਲ, ਹਰਦੀਪ ਸਿੰਘ, ਜਸਵਿੰਦਰ ਕੌਰ, ਤੇਜਿੰਦਰ ਕੌਰ ਢਿੱਲੋ, ਜਤਿੰਦਰ ਕੌਰ ਢਿੱਲੋ, ਕੁਲਦੀਪ ਕੌਰ, ਦਵਿੰਦਰ ਕੌਰ ਬੈਸ, ਅਮਨਦੀਪ ਕੌਰ, ਸਾਹਿਬਜੀਤ ਸਿੰਘ ਬੈਸ, ਹਰਪ੍ਰੀਤ ਸਿੰਘ, ਦਵਿੰਦਰ ਕੌਰ, ਮਨਪ੍ਰੀਤ ਕੌਰ ਬਰਾੜ, ਪਰਮਿੰਦਰ ਕੌਰ, ਰੀਤ ਕੌਰ ਬਾਜਾ ਖਾਨਾ, ਮਨਦੀਪ ਕੌਰ, ਤੇਜਵੰਤ ਕੌਰ, ਪਰਮੀਤ ਕੌਰ, ਵਰਿੰਦਰ ਕੌਰ ਸੋਹੀ, ਮਨਪ੍ਰੀਤ ਕੌਰ ਸੰਧੂ, ਹਰਸਿਮਰਤ ਸਿੰਘ, ਕਿਰਨਦੀਪ ਕੌਰ, ਪ੍ਰਭਪ੍ਰੀਤ ਕੌਰ ਗਿੱਲ, ਭਜਨ ਕੌਰ, ਰੂਬੀ ਜੇ ਪੀ ਸਿੰਘ ਮੌਜੂਦ ਸਨ।

ਸਟੇਜ ਸੱਕਤਰ ਦੀ ਭੂਮਿਕਾ ਹਰਦੀਪ ਸਿੰਘ ਵੱਲੋਂ ਨਿਭਾਈ ਗਈ। ਅੰਤ ਵਿਚ ਮਾਸਟਰ ਪਰਮਿੰਦਰ ਸਿੰਘ, ਡਾ ਅਮਨਦੀਪ ਸਿੰਘ ਪੰਨੂ ਨੇ ਸੰਗਤਾਂ ਦਾ ਧੰਨਵਾਦ ਕੀਤਾ। ਇੱਥੇ ਇਹ ਵੀ ਦੱਸਣਯੋਗ ਹੈ ਕਿ ਸਮੁੱਚੀ ਸਕੂਲ ਟੀਮ ਵਲੰਟੀਅਰ ਸੇਵਾ ਕਰਦੀ ਹੈ।






HOGD HOUSE OF GOLD & DIAMOND BY GLITTER JEWELLERS

HOUSE OF GOLD & DIAMOND



Sale on Now on All 22ct Gold Jewellery



24 ਕੈਰਟ ਗੋਲਡ ਬਿਸਕੁੱਟ ਦੀ ਸਪੈਸ਼ਲ ਕੀਮਤ ਜਾਨਣ ਲਈ ਫੋਨ ਕਰੋ।

ਇੰਸ਼ੋਰੈਂਸ ਅਤੇ ਜਿਊਲਰੀ ਰਿਪੇਅਰ ਕਰਵਾਉਣ ਵਾਸਤੇ ਵੀ ਮਿਲੋ।
ਨੋਟ: ਇਥੇ ਰਾਸ਼ੀ ਦੇ ਨਗ ਵੀ ਮਿਲਦੇ ਹਨ। ਤੁਸੀਂ ਇਥੋਂ ਵਿਆਹ ਵਾਸਤੇ ਜਾਗੋ ਵੀ ਕਿਰਾਏ ਤੇ ਲੈ ਸਕਦੇ ਹੋ।

7/214 Great South Road, (Next to ASB Bank), Manurewa, AKL
Ph: 09-218 0105, Mob: 022 440 0000
www.glittercollection.co.nz | Email: glitterjewellers@yahoo.co.nz



GTB Horticulture Ltd

Our Commitment - Your Relief



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।


Pickup & Drop Off Available

Manpreet Singh Dhaliwal
021 147 1502

Manpreet Singh Batth
020 4057 2327

Email: gtb.horticulture@gmail.com


# ਨਿਊਯਾਰਕ ਦੇ ਮੇਅਰ ਨੇ ਕੀਤਾ ਟਰੰਪ ਦਾ ਸਮਰਥਨ






ਨਿਊਯਾਰਕ - ਨਿਊਯਾਰਕ ਰਾਜ ਦੇ ਮੇਅਰ ਨੇ ਟਰੰਪ ਦੇ ਸਮਰਥਨ ‘ਚ ਕਿਹਾ ਕਿ ਅਪਰਾਧਕ ਪਿਛੋਕੜ ਵਾਲੇ ਲੋਕਾਂ ਨੂੰ ਡਿਪੋਰਟ ਕੀਤਾ ਜਾਣਾ ਚਾਹੀਦਾ ਹੈ। ਅਮਰੀਕੀ ਅਖਬਾਰ ਨਿਊਯਾਰਕ ਪੋਸਟ ਦੀ ਰਿਪੋਰਟ ਦੇ ਮੁਤਾਬਕ ਇਸ ਸਮੇਂ ਸਿਰਫ ਨਿਊਯਾਰਕ ਸ਼ਹਿਰ ‘ਚ ਹੀ ਅਜਿਹੇ ਲਗਭਗ 58 ਹਜ਼ਾਰ ਗੈਰ-ਦਸਤਾਵੇਜ਼ ਪ੍ਰਵਾਸੀ ਹਨ, ਜਿਨ੍ਹਾਂ ‘ਤੇ ਅਪਰਾਧ ਦਾ ਦੋਸ਼ ਲਗਾਇਆ ਗਿਆ ਹੈ। ਐਡਮਜ਼ ਨੇ ਆਪਣਾ ਪੱਖ ਸਪਸ਼ਟ ਕੀਤਾ ਹੈ ਕਿ ਇਨ੍ਹਾਂ 58 ਹਜ਼ਾਰ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ‘ਤੇ ਉਨ੍ਹਾਂ ਨੂੰ ਕੋਈ ਵੀ ਇਤਰਾਜ਼ ਨਹੀਂ ਹੈ। ਸਾਢੇ 6 ਲੱਖ ਤੋਂ ਵੱਧ ਗ਼ੈਰ-ਦਸਤਾਵੇਜ਼ੀ ਪ੍ਰਵਾਸੀਆਂ ਦੀ ਆਬਾਦੀ ਵਾਲੇ ਨਿਊਯਾਰਕ ਸ਼ਹਿਰ ਦੇ ਮੇਅਰ ਨੇ ਡੋਨਾਲਡ ਟਰੰਪ ਦੀ ਸਮੂਹਿਕ ਦੇਸ਼ ਨਿਕਾਲੇ ਦੀ ਨੀਤੀ ਪ੍ਰਤੀ ਸਹਿਮਤੀ ਪ੍ਰਗਟਾਈ ਹੈ। ਇਕ ਪਾਸੇ ਜਿੱਥੇ ਅਮਰੀਕਾ ਦੇ ਲਗਭਗ ਸਾਰੇ ਡੈਮੋਕਰੇਟਿਕ ਸ਼ਹਿਰ ਅਤੇ ਰਾਜ ਵੱਡੇ ਪੱਧਰ ‘ਤੇ ਦੇਸ਼ ਨਿਕਾਲੇ ਦੇ ਵਿਰੁੱਧ ਹਨ, ਉਥੇ ਹੀ ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਉਨ੍ਹਾਂ ਤੋਂ ਵੱਖਰਾ ਰੁਖ ਅਖਤਿਆਰ ਕੀਤਾ ਹੈ।

ਐਰਿਕ ਐਡਮਜ਼, ਜੋ ਭ੍ਰਿਸ਼ਟਾਚਾਰ ਦੇ ਸੰਘੀ ਦੋਸ਼ਾਂ ਦਾ ਸਾਹਮਣਾ ਵੀ ਕਰ ਰਿਹਾ ਹੈ ਅਤੇ ਕਦੇ ਵਿਵਾਦਾਂ ਦਾ ਵਿਸ਼ਾ ਵੀ ਰਿਹਾ ਸੀ, ਨੇ ਹੁਣ ਕਿਹਾ ਹੈ ਕਿ ਅਪਰਾਧ ਕਰਦੇ ਫੜੇ ਗਏ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨਾ ਸਿਰਫ ਨਿਊਯਾਰਕ, ਸਗੋਂ ਅਮਰੀਕਾ ਤੋਂ ਵੀ ਡਿਪੋਰਟ ਕਰਨਾ ਹੋਵੇਗਾ। ਐਡਮਜ਼ ਨੇ ਆਪਣੇ ਸਾਥੀ ਡੈਮੋਕ੍ਰੇਟਿਕ ਮੇਅਰਾਂ ਨੂੰ ਵੀ ਇਸ ਮੁੱਦੇ ‘ਤੇ ਸਹਿਮਤ ਹੋਣ ਲਈ ਕਿਹਾ। ਐਡਮਜ਼ ਨੇ ਦਾਅਵਾ ਕੀਤਾ ਕਿ ਅਮਰੀਕੀਆਂ ਨੇ ਡੋਨਾਲਡ ਟਰੰਪ ਨੂੰ ਉਨ੍ਹਾਂ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੇ ਆਧਾਰ ‘ਤੇ ਹੀ ਵੋਟਾਂ ਦਿੱਤੀਆ ਹਨ ਅਤੇ ਹੁਣ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਸਰਹੱਦੀ ਸੰਕਟ ਦੇ ਨਾਲ-ਨਾਲ ਪ੍ਰਵਾਸੀ ਸੰਕਟ ਨੂੰ ਹੱਲ ਕਰਨ ਲਈ ਕੰਮ ਕਰਨ। ਉਨ੍ਹਾਂ ਕਿਹਾ ਕਿ ਜਦੋਂ ਅਮਰੀਕਾ ਦੇ ਲੋਕਾਂ ਨੇ ਸਪੱਸ਼ਟ ਤੌਰ ‘ਤੇ ਵੋਟਾਂ ਪਾ ਕੇ ਆਪਣਾ ਸੰਦੇਸ਼ ਸੁਣਾ ਦਿੱਤਾ ਹੈ ਤਾਂ ਇਸ ਨੂੰ ਨਜ਼ਰਅੰਦਾਜ਼ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹਾਲਾਂਕਿ ਪ੍ਰਵਾਸੀਆਂ ਦੇ ਹੱਕਾਂ ਲਈ ਕੰਮ ਕਰਨ ਵਾਲੇ ਲੋਕ ਵੀ ਇਸ ਮਾਮਲੇ ਵਿੱਚ ਨਿਊਯਾਰਕ ਦੇ ਮੇਅਰ ਵੱਲੋਂ ਲਏ ਸਟੈਂਡ ਦੀ ਆਲੋਚਨਾ ਕਰ ਰਹੇ ਹਨ। ਅਮਰੀਕੀ ਮੀਡੀਆ ਵਿੱਚ ਇਹ ਵੀ ਚਰਚਾ ਹੈ ਕਿ ਐਡਮਜ਼ ਡੋਨਾਲਡ ਟਰੰਪ ਦਾ ਸਮਰਥਨ ਕਰਕੇ ਆਪਣੀ ਸੀਟ ਸੁਰੱਖਿਅਤ ਕਰ ਰਹੇ ਹਨ।

# ਇੰਡੀਗੋ ਦੀ ਫਲਾਈਟ ਦੀ ਕਰਾਚੀ ‘ਚ ਐਮਰਜੈਂਸੀ ਲੈਂਡਿੰਗ




ਕਰਾਚੀ - ਸਾਊਦੀ ਅਰਬ ਦੇ ਜੇਦਾਹ ਜਾ ਰਹੀ ਇੰਡੀਗੋ ਦੀ ਇਕ ਉਡਾਣ ਨੂੰ ਜਹਾਜ਼ ਵਿਚ ਮੈਡੀਕਲ ਐਮਰਜੈਂਸੀ ਕਾਰਨ ਪਾਕਿਸਤਾਨ ਦੇ ਕਰਾਚੀ ਵਿਚ ਜਿਨਾਹ ਅੰਤਰਰਾਸ਼ਟਰੀ ਹਵਾਈ ਅੱਡੇ ‘ਤੇ ਉਤਰਨਾ ਪਿਆ। ਸਿਵਲ ਏਵੀਏਸ਼ਨ ਅਥਾਰਟੀ (ਸੀ.ਸੀ.ਏ.) ਦੇ ਸੂਤਰਾਂ ਅਨੁਸਾਰ ਸ਼ਨੀਵਾਰ ਨੂੰ ਨਵੀਂ ਦਿੱਲੀ ਤੋਂ ਉਡਾਣ ਭਰਨ ਵਾਲਾ ਜਹਾਜ਼ ਜਦੋਂ ਪਾਕਿਸਤਾਨੀ ਹਵਾਈ ਖੇਤਰ ਵਿੱਚ ਸੀ, ਉਦੋਂ ਇੱਕ ਪੁਰਸ਼ ਯਾਤਰੀ ਗੰਭੀਰ ਰੂਪ ਵਿੱਚ ਬਿਮਾਰ ਹੋ ਗਿਆ।

ਜੀਓ ਨਿਊਜ਼ ਮੁਤਾਬਕ ਬੀਮਾਰ ਹੋਏ ਭਾਰਤੀ ਯਾਤਰੀ ਦੀ ਉਮਰ 55 ਸਾਲ ਹੈ। ਸੂਤਰ ਨੇ ਕਿਹਾ, “ਜਹਾਜ਼ ਦੇ ਪਾਇਲਟ ਨੇ ਆਕਸੀਜਨ ਦਿੱਤੇ ਜਾਣ ਦੇ ਬਾਵਜੂਦ ਯਾਤਰੀ ਦੀ ਸਿਹਤ ਠੀਕ ਨਾ ਹੋਣ ਦੇ ਬਾਅਦ ਕਰਾਚੀ ਹਵਾਈ ਅੱਡੇ ‘ਤੇ ਏਅਰ ਟ੍ਰੈਫਿਕ ਕੰਟਰੋਲ (ਏ.ਟੀ.ਸੀ.) ਨਾਲ ਸੰਪਰਕ ਕੀਤਾ।“ ਉਨ੍ਹਾਂ ਕਿਹਾ “ਏਅਰ ਟ੍ਰੈਫਿਕ ਕੰਟਰੋਲ ਨੇ ਮਨੁੱਖੀ ਆਧਾਰ ‘ਤੇ ਇੰਡੀਗੋ ਦੀ ਉਡਾਣ ਨੂੰ ਕਰਾਚੀ ਵਿੱਚ ਉਤਰਨ ਦੀ ਇਜਾਜ਼ਤ ਦੇ ਦਿੱਤੀ, ਜਿਸ ਤੋਂ ਬਾਅਦ ਇੱਕ ਮੈਡੀਕਲ ਟੀਮ ਯਾਤਰੀ ਦੇ ਐਮਰਜੈਂਸੀ ਇਲਾਜ ਲਈ ਜਹਾਜ਼ ਵਿੱਚ ਪਹੁੰਚੀ।“ ਖ਼ਬਰ ਵਿਚ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਯਾਤਰੀ ਦੇ ਇਲਾਜ ਤੋਂ ਬਾਅਦ ਜਹਾਜ਼ ਕਰਾਚੀ ਤੋਂ ਰਵਾਨਾ ਹੋਇਆ ਅਤੇ ਜੇਦਾਹ ਜਾਣ ਦੀ ਬਜਾਏ ਨਵੀਂ ਦਿੱਲੀ ਪਰਤ ਗਿਆ।

Fortnightly Newspaper

•Issue-12 • December 2024
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**

Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

### ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

## ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ



ਹਜ਼ਾਰੇ ਪਰ ਚੜ੍ਹ ਆਇਆ ਅਤੇ ਬਿਨਾਂ ਕਿਸੇ ਲੰਬੀ ਲੜਾਈ ਦੇ ਹਾਲਾ ਉਗਰਾਹ ਕੇ ਮੁੜ ਪਿੰਡੀ ਪਰਤ ਗਿਆ।

ਅਗਲੇ ਸਾਲ 1819 ਵਿਚ ਜਦ ਮੁੜ ਮੱਖਣ ਸਿੰਘ ਹਜ਼ਾਰੇ ਦੇ ਦੌਰੇ ਪਰ ਆਇਆ ਤਾਂ ਹਜ਼ਾਰੇ ਦੇ ਖਰੂਦੀਆਂ ਇਕ ਰਾਤ ਦੇ ਹਨ੍ਹੇਰੇ ਵਿਚ ਸਰਦਾਰ ਜੀ ਦੇ ਡੇਰੇ ਪਰ ਐਸਾ ਛਪੋਲ ਮਾਰਿਆ ਜਿਸ ਵਿਚ ਡੇਰੇ ਦੇ ਕਈ ਜਵਾਨ ਆਪਾ ਵਾਰ ਗਏ, ਜਿਨ੍ਹਾਂ ਵਿਚੋਂ ਸਰਦਾਰ ਮੱਖਣ ਸਿੰਘ ਦਾ ਨਾਮ ਖ਼ਾਸ ਮਹੱਤਤਾ ਰੱਖਦਾ ਹੈ। ਇਸ ਦੁਰਘਟਨਾ ਦੀ ਰਿਪੋਰਟ ਜਦ ਸ਼ੇਰਿ ਪੰਜਾਬ ਨੇ ਸੁਣੀ ਤਾਂ ਸਰਕਾਰ ਨੂੰ ਬੜਾ ਦੁੱਖ ਹੋਇਆ, ਕਿਉਂਕਿ ਸਰਦਾਰ ਜੀ ਮਹਾਰਾਜਾ ਸਾਹਿਬ ਦੇ ਪ੍ਰਸਿੱਧ ਨਾਮੀ ਸਰਦਾਰਾਂ ਵਿਚੋਂ ਸਨ ਅਤੇ ਮਹਾਰਾਜਾ ਉਸਨੂੰ ਪਿਆਰਦੇ ਹੁੰਦੇ ਸਨ।

ਇਸ ਲਈ ਮਹਾਰਾਜ ਨੇ ਸਰਦਾਰ ਮੱਖਣ ਸਿੰਘ ਦੀ ਹੱਤਿਆ ਦੇ ਦੋਸ਼ੀਆਂ ਨੂੰ ਪੂਰੀ-ਪੂਰੀ ਸਿੱਖਿਆ ਦੇਣ ਅਤੇ ਉਥੇ ਪੂਰਨ ਸ਼ਾਂਤੀ ਸਥਾਪਤ ਕਰਨ ਲਈ ਇਕ ਸ਼ਕਤੀਮਾਨ ਫ਼ੌਜ ਦੀ ਤਿਆਰੀ ਦਾ ਹੁਕਮ ਦੇ ਦਿੱਤਾ। ਜਦ ਯੋਗ ਸਮੇਂ ਤੱਕ ਚੜਾਈ ਦੇ ਸਾਰੇ ਪ੍ਰਬੰਧ ਠੀਕ ਹੋ ਗਏ ਤਾਂ ਮਹਾਰਾਜਾ ਸਾਹਿਬ ਨੇ ਇਕ ਦਿਨ ਇਸ ਮੁਹਿੰਮ ਦੇ ਹਰ ਇਕ ਵਿਭਾਗ ਦੀ ਆਪ ਦੇਖਭਾਲ ਕੀਤੀ। ਇਸ ਵਿਚ ਜੋ ਕੁਝ ਸਰਕਾਰ ਨੂੰ ਘੱਟ ਦਿਸਿਆ, ਉਸ ਨੂੰ ਪੂਰਾ ਕਰਨ ਦਾ ਹੁਕਮ ਦਿੱਤਾ, ਜਿਸ ਦੀ ਪਾਲਣਾ ਤੁਰੰਤ ਕੀਤੀ ਗਈ।

ਹੁਣ ਇਕ ਵੱਡੇ ਫ਼ੌਜੀ ਇੱਕਠ ਵਿਚ ਮਹਾਰਾਜਾ ਸਾਹਿਬ ਨੇ ਕੁਝ ਪੁਰਾਣੇ ਸਰਦਾਰਾਂ ਦੀ ਦ੍ਰਿਸ਼ਟੀ ਹੇਠ ਇਸ ਮੁਹਿੰਮ ਦੀ ਸੌਂਪਣੀ ਆਪਣੇ ਨੌਜਵਾਨ ਵੀਰ ਸਪੁੱਤਰ ਸ਼ਹਿਜ਼ਾਦਾ ਸ਼ੇਰ ਸਿੰਘ ਦੇ ਹੱਥ ਸੌਂਪੀ।

ਰਵਾਨਗੀ ਤੋਂ ਪਹਿਲਾਂ ਮਹਾਰਾਜਾ ਸਾਹਿਬ ਨੇ ਸ਼ਹਿਜ਼ਾਦਾ ਸ਼ੇਰ ਸਿੰਘ ਤੇ ਇਸ ਮੁਹਿੰਮ ਦੇ ਜੁਆਨਾਂ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਬਹਾਦਰ ਸਰਦਾਰ ਮੱਖਣ ਸਿੰਘ ਸਾਨੂੰ ਅਤਿ ਪਿਆਰਾ ਸੀ ਅਤੇ ਅਸੀਂ ਚਾਹੁੰਦੇ ਹਾਂ ਕਿ ਹਜ਼ਾਰੇ ਦੇ ਬਾਗ਼ੀਆਂ ਨੂੰ ਐਸੀ ਸਿੱਖਿਆ ਦੇਵੋ ਕਿ ਅੱਗੇ ਨੂੰ ਖ਼ਾਲਸੇ ਵੱਲ ਕੋਈ ਵਿੰਗੀ ਨਜ਼ਰ ਨਾਲ ਵੇਖਣ ਦਾ ਹੀਆ ਹੀ ਨਾ ਕਰ ਸਕੇ। ਸਾਡੀਆਂ ਦਿਲੀ ਸ਼ੁਭ ਇੱਛਾਵਾਂ ਅਤੇ ਅਸੀਸਾਂ ਆਪ ਸਰਬੱਤ ਦੇ ਨਾਲ ਹਨ।

ਇਨ੍ਹਾਂ ਥੋੜ੍ਹੇ ਜਿਹੇ ਸ਼ਬਦਾਂ ਦਾ ਸੁਣਨ ਵਾਲਿਆਂ ਪਰ ਐਸਾ ਜਾਦੂ ਭਰਿਆ ਅਸਰ ਹੋਇਆ ਕਿ ਸਭ ਦੇ ਚਿਹਰੇ ਲਾਲੋ-ਲਾਲ ਹੋ ਗਏ। ਇਸੇ ਜੋਸ਼ ਦੀ ਲਹਿਰ ਵਿਚ ਕੂਚ ਦੇ ਦਮਾਮੇ ਪਰ ਚੋਟ ਲੱਗੀ ਅਤੇ ਹੁਣ ਆਕਾਸ਼ ਜੈਕਾਰਿਆਂ ਦੀ ਧੁਨ ਨਾਲ ਗੂੰਜ ਉਠਿਆ ਅਤੇ ਹੜ੍ਹ ਦੀ ਕਾਂਗ ਵਤ ਇਹ ਵਗ ਤੁਰੇ। ਇਸ ਤਰ੍ਹਾਂ ਲੰਮੀਆਂ ਮੰਜ਼ਲਾਂ ਮਾਰ ਕੇ ਅੱਠਾਂ ਦਿਨਾਂ ਦੀ ਥਾਏਂ ਛੇਵੇਂ ਦਿਨ ਇਹ ਫ਼ੌਜ ਸ੍ਰੀ ਪੰਜਾ ਸਾਹਿਬ ਪਹੁੰਚ ਗਈ। ਇਥੇ ਇਕ ਦਿਨ ਗੁਰਦੁਆਰੇ ਦੇ ਦਰਸ਼ਨ ਅਤੇ ਆਰਾਮ ਕਰਨ ਲਈ ਇਕ ਮੁਕਾਮ ਕੀਤਾ ਗਿਆ। ਅਗਲੇ ਦਿਨ ਖ਼ਾਲਸਾ ਫ਼ੌਜ ਹਜ਼ਾਰੇ ਦੀ ਹੱਦ ਵਿਚ ਦਾਖ਼ਲ ਹੋ ਗਈ।

ਪ੍ਰਤੀਤ ਹੁੰਦਾ ਕਿ ਜਦ ਖ਼ਾਲਸਾ ਫ਼ੌਜ ਹਜ਼ਾਰੇ ਵੱਲ ਮਾਰੋ-ਮਾਰ ਵਧਦੀ ਚਲੀ ਜਾ ਰਹੀ ਸੀ ਤਾਂ ਹਜ਼ਾਰੇ ਦੇ ਮੁਖੀ ਆਪਣੀ ਸਾਰੀ ਸ਼ਕਤੀ ਨਾਲ ਖ਼ਾਲਸੇ ਦੇ ਟਾਕਰੇ ਲਈ ਸਭ ਤਰ੍ਹਾਂ ਤਿਆਰ ਹੋ ਗਏ ਅਤੇ ਜੋਸ਼ੀਲੇ ਗ਼ਾਜ਼ੀਆਂ ਨੇ ਖ਼ਾਲਸੇ ਦੇ ਰਾਹ ਨੂੰ ਰੋਕ ਲਿਆ ਪਰ ਇਨ੍ਹਾਂ ਦਾ ਇਹ ਯਤਨ ਇੰਝ ਨਿਸਫਲ ਸਾਬਤ ਹੋਇਆ ਜਿਵੇਂ ਅਥਾਹ ਦਰਿਆ ਦੀ ਲਹਿਰ ਕਖ-ਕਾਨ ਅੱਗੇ ਧਰ ਲੈਂਦੀ ਹੈ।

ਖ਼ਾਲਸਾ ਫ਼ੌਜ ਅਤੇ ਹਜ਼ਾਰਵੀ ਲਸ਼ਕਰ ਦਾ ਪਹਿਲਾ ਟਾਕਰਾ ਗੱਖੜਾਂ ਦੇ ਇਲਾਕੇ ਵਿਚ ਖਾਨਪੁਰ ਦੇ ਲਾਗੇ ਹੋਇਆ ਜਿਸ ਵਿਚ ਗੱਖੜਾਂ, ਤਰੀਨਾਂ, ਮਸ਼ਵਾਨੀਆਂ ਅਤੇ ਸੁਵਾਂਤੀਆਂ ਨੇ ਆਪਣੀ ਸਮਿਲਤ ਸ਼ਕਤੀ ਨਾਲ ਖ਼ਾਲਸੇ ਨੂੰ ਠੱਲ੍ਹਾ ਪਾਣਾ ਚਾਹਿਆ ਪਰ ਖ਼ਾਲਸਾ ਇਸ ਸਮੇਂ ਗ਼ਜ਼ਬ ਦੇ ਜੋਸ਼ ਨਾਲ ਆਪੇ ਤੋਂ ਬਾਹਰ ਹੋ ਰਿਹਾ ਸੀ, ਜੋ ਵੀ ਸਾਹਮਣੇ ਆਇਆ ਉਸ ਨੂੰ ਮਿੱਧ ਕੇ ਰੱਖ ਦਿੱਤਾ। ਹਜ਼ਾਰੇ ਦੇ ਜਹਾਦੀਆਂ ਆਪਣੀ ਵਿਤੋਂ ਵੱਧ ਕੇ ਬਹਾਦਰੀ ਦਾ ਸਬੂਤ ਦਿੱਤਾ ਪਰ ਖ਼ਾਲਸੇ ਨੂੰ ਠੱਲ੍ਹਣਾ ਇਨ੍ਹਾਂ ਦੇ ਵੱਸ ਦਾ ਰੋਗ ਨਹੀਂ ਸੀ।

ਅੱਜ ਨੌਜਵਾਨ ਸ਼ੇਰ ਸਿੰਘ ਨੇ ਆਪਣੀ ਜਵਾਨੀ ਤੋਂ ਹੱਥ ਧੋ ਕੇ ਖ਼ਾਲਸਾ ਫ਼ੌਜ ਦੀ ਐਸੀ ਨਿਰਭੈਰਤਾ ਨਾਲ ਅਗਵਾਈ ਕੀਤੀ ਜਿਸ ਨੂੰ ਦੇਖ ਪੁਰਾਣੇ ਹੰਢੇ ਹੋਏ ਸੂਰਬੀਰ ਸਰਦਾਰ ਵੀ ਚਕ੍ਰਤ ਰਹਿ ਗਏ। ਹੁਣ ਅਜੇ ਦੁਪਿਹਰ ਦਾ ਸੂਰਜ ਸਿਖਰੋਂ ਢਲਿਆ ਹੀ ਸੀ ਕਿ ਜਹਾਦੀਆਂ ਦੇ ਮਨ ਵੀ ਇਸ ਦੇ ਨਾਲ ਹੀ ਢਲ ਗਏ ਤੇ ਉਪਰੋਂ ਜਦ ਕੁਝ ਹੋਰ ਸੱਜਰ-ਸ਼ਾਹ ਫ਼ੌਜ ਨਾਲ ਸ਼ਹਿਜ਼ਾਦੇ ਨੇ ਗ਼ਾਜ਼ੀਆਂ ਪਰ ਹੱਲਾ ਕੀਤਾ ਤਾਂ ਇਸ ਦੇ ਨਾਲ ਵੈਰੀਆਂ ਦੀ ਰਹਿੰਦੀ ਖੂੰਹਦੀ ਆਸ ਦਾ ਲੱਕ ਵੀ ਟੁੱਟ ਗਿਆ ਅਤੇ ਇਥੇ ਗ਼ਾਜ਼ੀ ਮੈਦਾਨ ਜੰਗ ਖ਼ਾਲਸੇ ਦੀ ਭੇਟਾ ਕਰਕੇ ਸਿੱਧੇ ਪਹਾੜਾਂ ਦੇ ਰਾਹ ਪੈ ਗਏ, ਪਰ ਇਹ ਹੁਣ ਉਨ੍ਹਾਂ ਦੀ ਸ਼ਕਤੀ ਤੋਂ ਬਾਹਰ ਸੀ ਕਿ ਖ਼ਾਲਸੇ ਦੀ ਤਲਵਾਰ ਤੋਂ ਬਚ ਕੇ ਨਿਕਲ ਜਾਂਦੇ। ਅਣਗਿਣਤ ਰਣ-ਭੂਮੀ ਦੀ ਭੇਂਟ ਚੜ੍ਹ ਗਏ ਅਤੇ ਬਹੁਤ ਸਾਰਿਆਂ ਨੂੰ ਖ਼ਾਲਸੇ ਨੇ ਕੈਦੀ ਬਣਾ ਲਿਆ। ਹਾਂ, ਕੁਝ ਐਸੇ ਭਾਗਾਂ ਦੇ ਧਨੀ ਵੀ ਨਿਕਲ ਆਏ ਸਨ ਜਿਹੜੇ ਆਪਣੇ ਤਿੱਖੇ ਪੈਰਾਂ ਦੀ ਬਰਕਤ ਨਾਲ ਆਪਣਾ ਹੱਡ ਚੰਮ ਬਚਾ ਕੇ ਸਿੱਧੇ ਘਰੀਂ ਜਾ ਵੜੇ।

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਇਸ ਫ਼ੌਜ ਦੀ ਵਿਦਾਇਗੀ ਸਮੇਂ ਹਜ਼ਾਰੇ ਦੇ ਬਾਗ਼ੀਆਂ ਨੂੰ ਜਿਹੋ ਜਿਹੀ ਸਿੱਖਿਆ ਦੇਣ ਦੀ ਇੱਛਾ ਪ੍ਰਗਟ ਕੀਤੀ ਸੀ, ਅੱਜ ਸ਼ਹਿਜ਼ਾਦਾ ਸਾਹਿਬ ਅਤੇ ਖ਼ਾਲਸਾ ਫ਼ੌਜ ਨੇ ਸਭ ਕੁਝ ਠੀਕ ਉਸੇ ਮੰਗ ਦੀ ਰੌਸ਼ਨੀ ਵਿਚ ਕੀਤਾ।

ਹਜ਼ਾਰੇ ਦੇ ਪਠਾਣਾਂ ਦੇ ਸੁਭਾਅ ਬੜੇ ਅਸਚਰਜ ਹੁੰਦੇ ਹਨ, ਜਦੋਂ ਇਹ ਜੋਸ਼ ਵਿਚ ਆ ਕੇ ਆਕੜਦੇ ਹਨ ਤਾਂ ਇਨ੍ਹਾਂ ਜਿਹੇ ਆਕੜਖ਼ਾਨ ਵੀ ਹੋਰਥੇ ਘੱਟ ਮਿਲਦੇ ਹਨ, ਪਰ ਇਨ੍ਹਾਂ ਦਾ ਇਹ ਜੋਸ਼ ਜਦ ਛੇਤੀ ਹੀ ਪਾਣੀ ਦੀ ਝੱਗ ਵਾਂਗ ਬੈਠ ਜਾਂਦਾ ਹੈ ਤਾਂ ਇਨ੍ਹਾਂ ਵਰਗਾ ਲਿਫਣ ਤੇ ਝੁਕਣ ਵਾਲਾ ਵੀ ਦੂਜਾ ਕੋਈ ਨਹੀਂ ਹੋਣਾ।

ਅਗਲੇ ਦਿਨ ਖ਼ਾਲਸਾ ਫ਼ੌਜ ਦੇ ਆਗੂ ਹਜ਼ਾਰੇ ਦੇ ਬਾਕੀ ਰਹਿੰਦੇ ਇਲਾਕੇ ਦੀ ਸੁਧਾਈ ਦੀਆਂ ਵਿਉਂਤਾਂ ਸੋਚ ਰਹੇ ਸਨ ਕਿ ਇਕਾ-ਇਕ ਸਾਹਮਣੇ ਪਾਸੇ ਤੋਂ ਵਾ-ਵਿਰੋਲੇ ਜਿਹੇ ਉੱਠਦੇ ਦਿਸੇ। ਜਦ ਗਹੁ ਨਾਲ ਨੀਝ ਲਾ ਕੇ ਡਿੱਠਾ ਤਾਂ ਇਨ੍ਹਾਂ ਵਾ-ਵਰੋਲਿਆਂ ਵਿਚੋਂ ਸਵਾਰ ਇਧਰ ਆਉਂਦੇ ਦਿਸੇ। ਖ਼ਾਲਸੇ ਦੇ ਤੋਪਚੀਆਂ ਝਟਾ-ਪਟ ਆਪਣੀਆਂ ਤੋਪਾਂ ਦੇ ਮੂੰਹ ਉਨ੍ਹਾਂ ਵੱਲ ਸਿੱਧੇ ਕਰ ਦਿੱਤੇ।

ਇਨ੍ਹਾਂ ਨੂੰ ਦਾਗਣ ਦਾ ਹੁਕਮ ਅਜੇ ਸ਼ਹਿਜ਼ਾਦੇ ਦੇ ਮੂੰਹ ਵਿਚ ਹੀ ਸੀ ਕਿ ਸਵਾਰਾਂ ਦੇ ਅੱਗੇ ਅੱਗੇ ਇਕ ਸਵਾਰ ਦੇ ਹੱਥ ਵਿਚ ਚਿੱਟਾ ਝੰਡਾ ਡਿੱਠਾ ਜਿਸ ਦੇ ਅਰਥ ਇਹ ਸਨ ਕਿ ਇਹ ਲੜਨ ਲਈ ਨਹੀ ਸਗੋਂ ਅਨਸਾਰੀ ਹੋਣ ਲਈ ਆ ਰਹੇ ਹਨ, ਸੋ ਥੋੜੇ ਸਮੇਂ ਵਿਚ ਹੀ ਉਹ ਮਲਕ ਅਤੇ ਖ਼ਾਨ ਖ਼ਾਲਸੇ ਦੇ ਡੇਰੇ ਲਾਗੇ ਪਹੁੰਚ ਗਏ ਅਤੇ ਘੋੜਿਆਂ ਤੋਂ ਉੱਤਰ ਕੇ ਅਤਿ ਨਿਮਰਤਾ ਨਾਲ ਇਨ੍ਹਾਂ ਸ਼ਹਿਜ਼ਾਦਾ ਸਾਹਿਬ ਦੇ ਪੈਰਾਂ ਵਿਚ ਆਪਣੇ ਹਥਿਆਰ ਰੱਖ ਦਿੱਤੇ ਅਤੇ ਉਨ੍ਹਾਂ ਤੋਂ ਸੁਲ੍ਹਾ ਦੀਆਂ ਸ਼ਰਤਾਂ ਦੀ ਮੰਗ ਕੀਤੀ।

ਸ਼ਹਿਜ਼ਾਦਾ ਸਾਹਿਬ ਨੇ ਇਨ੍ਹਾਂ ਘਾਬਰੇ ਤੇ ਭੈਭੀਤ ਹੋਏ ਮੁਖੀਆਂ ਨੂੰ ਆਪਣੇ ਸਾਹਮਣੇ ਬਿਠਾ ਲਿਆ ਅਤੇ ਆਪਣੇ ਮੁੱਖੀ ਸਰਦਾਰਾਂ ਨੂੰ ਬੁਲਵਾ ਕੇ ਇਨ੍ਹਾਂ ਨੂੰ ਆਪਣੀਆਂ ਸ਼ਰਤਾਂ ਦੱਸੀਆਂ ਜਿਨ੍ਹਾਂ ਨੂੰ ਇਨ੍ਹਾਂ ਨੇ ਬਿਨਾਂ ਕਿਸੇ ਕਾਂਟ ਛਾਂਟ ਦੇ ਪ੍ਰਵਾਨ ਕਰ ਲਿਆ। ਇਸ ਤਰ੍ਹਾਂ ਇਸ ਪਹਿਲੀ ਮੁਹਿੰਮ ਵਿਚ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਸੰਪੂਰਨ ਸਫ਼ਲਤਾ ਪ੍ਰਾਪਤ ਹੋਈ।

ਇਸ ਮਹਾਨ ਜ਼ਰੂਰੀ ਮੁਹਿੰਮ ਦੀ ਸਫ਼ਲਤਾ ਦੇ ਉਪਰੰਤ ਜਦ ਇਹ ਵਿਜਯੀ ਫ਼ੌਜ ਰਾਜਧਾਨੀ ਲਾਹੌਰ ਵੱਲ ਪਰਤੀ ਤਾਂ ਇਹ ਅਜੇ 4 ਕੋਹ ਦੀ ਵਾਟ ਪਰ ਪਹੁੰਚੇ ਸਨ ਕਿ ਇਥੇ ਕਈ ਰਜਮੰਟਾਂ ਨੇ ਸਣੇ ਆਪੋ-ਆਪਣੇ ਬੈਂਡਾਂ (ਵਾਜਿਆਂ) ਅਤੇ ਤੋਪਖ਼ਾਨਿਆਂ ਦੇ ਇਨ੍ਹਾਂ ਦੀ ਅਗਵਾਈ ਕੀਤੀ ਤੇ ਸਲਾਮੀ ਦਿੱਤੀ।

ਇਸ ਸਮੇਂ ਸ਼ਹਿਜ਼ਾਦਾ ਜਦ ਆਪਣੇ ਪਿਆਰੇ ਪਿਤਾ ਨੂੰ ਮਿਲਿਆ ਤਾਂ ਮਹਾਰਾਜਾ ਸਾਹਿਬ ਨੇ ਉਸ ਨੂੰ ਘੁੱਟ ਕੇ ਆਪਣੀ ਹਿੱਕ ਨਾਲ ਲਾ ਲਿਆ ਅਤੇ ਕਈ ਵਾਰੀ ਉਸ ਦਾ ਮੱਥਾ ਚੁੰਮਿਆ ਅਤੇ ਹਜ਼ਾਰਾਂ ਰੁਪਏ ਉਸ ਦੇ ਸਿਰ ਤੋਂ ਆਪਣੇ ਹੱਥਾਂ ਨਾਲ ਵਾਰੇ। ਇਸਦੇ ਨਾਲ ਸਰਦਾਰ ਸ਼ਾਮ ਸਿੰਘ ਦੇ ਮੂੰਹ ਤੋਂ ਜਦ ਸ਼ਹਿਜ਼ਾਦਾ ਸਹਿਬ ਦੀ ਨਿਰਭੈਤਾ, ਯੋਗਤਾ ਅਤੇ ਦ੍ਰਿੜਤਾ ਬਾਰੇ ਅੱਖੀਂ ਡਿੱਠੇ ਸਵਿਸਥਾਰ ਸੁਣੇ ਤਾਂ ਸ਼ੇਰਿ ਪੰਜਾਬ ਖੁਸ਼ੀ ਨਾਲ ਕਪੜਿਆਂ ਵਿਚ ਨਾ ਸਨ ਸਮਾਂਵਦੇ।[1]

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ



**Harcourts** Topline

Licensed Agent REAA 2008

Your home is One of your most valuable *asset*

We are a complete **One stop shop** for all your Real Estate needs

We offer the following services:

- Residential Sales
- Rental Property Management (REINZ Accredited PM Company)
- Business Sales
- Commercial Sales
- Commercial Leasing

*Call The Topline TEAM*

*for any of your Real Estate needs & more*

ਘਰ ਖਰੀਦਣ ਅਤੇ ਵੇਚਣ ਲਈ
ਸੰਪਰਕ ਕਰੋ।





Hardev Brar
M: 027 442 7338
E: Hardev.brar@harcourts.co.nz

Mehul Mody
M: 021 990 080
E: mehul.mody@harcourts.co.nz

M 027442 7338 P 09 620 6222

hardev.brar@harcourts.co.nz www.toplinerealty.co.nz , 206 Stoddard Road, Mt Roskill, Auckland

DH SUPERMARKET



ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ
ਤਾਜ਼ਾ ਸਬਜੀਆਂ ਮਿਲਦੀਆਂ ਹਨ।

| PAPATOETOE | FLATBUSH | PAPAKURA |
|---|---|---|
| 141 Kolmar Road, Paptoetoe | 46 Ormiston Road, East Tamaki | 38 O Shannessey Street, Papakura |



SPARKELS

JEWELLERS

SPARKLE YOUR LIFE WITH SPARKLE JAWELLER

- We Buy Gold Diamond & Coins
- 22kt., 9kt, 18kt & Diamond Jewellery
- Jewellery Valuation
- Jewellery Repairing
- Lucky Stones




208, Great South Road Papatoetoe

Ph: 0800 030377

CALL: G S HAPPY
DDI 093901041

# ਦਸੰਬਰ ਮਹੀਨੇ ਸ਼ਹੀਦੀ ਦਿਹਾੜਿਆਂ ਦਾ ਮਹੱਤਵ





ਪੋਹ ਦੇ ਮਹੀਨੇ ਸਾਨੂੰ ਸਭ ਨੂੰ ਸਰਦੀ ਬਹੁਤ ਸਤਾਉਂਦੀ ਹੈ, ਪਰ ਅਨੰਦਪੁਰੀ ਦੇ ਅਨੰਦਮਈ ਵਾਤਾਵਰਨ, ਅਨੰਦਪੁਰ ਦੇ 8 ਮਹੀਨੇ ਦੇ ਜ਼ਬਰਦਸਤ ਘੇਰੇ, ਅਨੰਦਪੁਰ ਨੂੰ ਛੱਡਣ, ਸਿਰਸਾ ਦੇ ਭਿਆਨਕ ਯੁੱਧ, ਪਰਿਵਾਰ ਵਿਛੋੜਾ, ਚਮਕੌਰ ਦੀ ਕੱਚੀ ਗੜੀ ਤੇ ਸਰਹਿੰਦ ਦੀਆਂ ਦੀਵਾਰਾਂ ’ਚ ਸਾਹਿਬਜ਼ਾਦਿਆਂ ਦੇ ਜੀਉਂਦੇ ਚਿਣੇ ਜਾਣ ’ਤੇ ਮਾਤਾ ਗੁਜਰੀ ਜੀ ਦੀ ਠੰਢੇ ਬੁਰਜ ਦੀ ਦਾਸਤਾਨ ਨੂੰ ਪੜ੍ਹ-ਸੁਣਕੇ-ਮਨ-ਸਰੀਰ ’ਚ ਰੋਸ-ਰੋਹ ਤੇ ਜੋਸ਼ ਦੀ ਲਹਿਰ ਦੌੜਦੀ ਹੈ।

8 ਤੋਂ 13 ਪੋਹ ਦੇ ਇਹ ਦਿਨ ਸਿੱਖ ਇਤਿਹਾਸ ਦੇ ਦਰਦਮਈ-ਗੰਭੀਰ ਪ੍ਰੀਖਿਆ ਦੇ ਦਿਨ ਸਨ। ਅਨੰਦਪੁਰ ਸਾਹਿਬ ਇਕ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖਾਂ, ਸੇਵਕਾਂ ਦੀ ਪਰਖ ਕੀਤੀ, ਪੰਜ ਸਿਰਾਂ ਦੀ ਮੰਗ ਕਰਕੇ। ਪੰਜ ਪਿਆਰਿਆਂ ਦਾ ਰੁਤਬਾ ਹਾਸਲ ਕਰਨ ਵਾਲਿਆਂ ਨੇ ਗੁਰੂ ਚਰਨਾਂ ’ਚ ਸੀਸ ਭੇਟ ਕੀਤੇ ਤੇ ਗੁਰਦੇਵ ਨੇ ਵੀ ਗੁਰਸਿੱਖਾਂ ਨਾਲ ਅਹਿਦ ਕੀਤਾ ਕਿ ਗੁਰੂ ਗੋਬਿੰਦ ਸਿੰਘ ਸਮਾ ਆਉਣ ’ਤੇ ਆਪਣਾ ਸਰਬੰਸ ਵਾਰ ਕੇ ਸੁਰਖ਼ਰੂ ਹੋਵੇਗਾ। ਇਸ ਸ਼ਹੀਦੀ ਸਪਤਾਹ ’ਚ ਗੁਰੂ ਜੀ ਨੇ ਕੀਤੇ ਕੋਲ ਨੂੰ ਪੂਰਿਆ ਕੀਤਾ।

ਸ਼ਹੀਦੀਆਂ ਦਾ ਮਹੀਨਾ ਪੋਹ ਸ਼ਹੀਦਾਂ ਦੇ ਪਵਿੱਤਰ ਖ਼ੂਨ ਨਾਲ ਲਿਖੇ ਸਿੱਖ ਇਤਿਹਾਸ ਵਿੱਚ ਹੋਈਆਂ ਸ਼ਹੀਦੀਆਂ ਦੀ ਲੜੀ ਨੂੰ ਸਮੇਂ ਦੀ ਹੱਦ ਵਿੱਚ ਰੱਖ ਕੇ ਪੇਸ਼ ਨਹੀਂ ਕੀਤਾ ਜਾ ਸਕਦਾ। ਕਿਉਂਕਿ ਸਿੱਖ ਇਤਿਹਾਸ ਦਾ ਕੋਈ ਵੀ ਦਿਨ ਸਹਾਦਤਾਂ ਦੀ ਗਾਥਾ ਤੋਂ ਖਾਲੀ ਨਹੀਂ ਹੈ ਪਰ ਪੋਹ ਦਾ ਮਹੀਨਾ ਸ਼ਹਾਦਤਾਂ ਦੀ ਅਜਿਹੀ ਵਿਲੱਖਣ ਇਮਾਰਤ ਨਾਲ ਲਿਖਿਆ ਜੋ ਕੁਰਬਾਨੀ, ਦ੍ਰਿੜ੍ਹਤਾ, ਬਹਾਦਰੀ ਅਤੇ ਅਣਖ ਦਾ ਸਿਖਰ ਹੈ। ਇਸ ਲਈ ਪੋਹ ਦੇ ਮਹੀਨੇ ਨੂੰ





ਸ਼ਹੀਦੀਆਂ ਦਾ ਮਹੀਨਾ ਕਿਹਾ ਜਾਂਦਾ ਹੈ। ਪੋਹ ਦੇ ਇਸ ਮਹੀਨੇ ਭਾਵ ਦਸੰਬਰ 1704 ਈ: ਨੂੰ ਕਲਗੀਧਰ ਪਿਤਾ ਨੇ ਆਨੰਦਪੁਰ ਸਾਹਿਬ ਨੂੰ ਅਲਵਿਦਾ ਕਿਹਾ ਸੀ। ਸਰਸਾ ਨਦੀ ਦੇ ਕੰਢੇ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ ਸੀ। ਵੱਡੇ ਸ਼ਹਿਬਜ਼ਾਦੇ ਚਮਕੌਰ ਦੇ ਮੈਦਾਨ ਵਿੱਚ ਦੁਸ਼ਮਣਾਂ ਦੀ ਫੌਜ਼ ਨਾਲ ਲੜਦਿਆਂ ਸਮੇਂ ਸ਼ਹੀਦ ਹੋਏ ਸਨ। ਛੋਟੇ ਸ਼ਹਿਬਜ਼ਾਦੇ ਸਿੱਖੀ ਸਿਦਕ ਨਿਭਾਉਂਦਿਆਂ ਅਡੋਲ, ਬੇਖੌਫ਼ ਹੋ ਨੀਹਾਂ ਵਿੱਚ ਜੀਉਂਦੇ ਖੜ੍ਹੋ ਕੇ ਸ਼ਹੀਦੀ ਪ੍ਰਾਪਤ ਕਰ ਗਏ ਸਨ। ਮਾਸੂਮ ਸ਼ਹਿਬਜ਼ਾਦੀਆਂ ਦੀ ਬੇਮਿਸਾਲ ਸ਼ਹੀਦੀ ਦਾ ਪਤਾ ਲੱਗਣ ‘ਤੇ ਮਾਤਾ ਗੁਜ਼ਰ ਕੌਰ ਜੀ ਨੇ ਸਰਹਿੰਦ ਦੇ ਠੰਢੇ ਬੁਰਜ਼ ਵਿੱਚ ਸ਼ਹੀਦੀ ਪ੍ਰਾਪਤ ਕੀਤੀ ਸੀ। ਪੰਜ ਪਿਆਰੀਆਂ ਦਾ ਹੁਕਮ ਮੰਨ ਕੇ ਪੁੱਤਰਾਂ ਦੀਆਂ ਬੇਕੰਫਨ ਲਾਸ਼ਾਂ ਨੂੰ ਛੱਡ ਕੇ ਚਮਕੌਰ ਦੀ ਗੜ੍ਹੀ ‘ਚੋਂ ਨਿਕਲੇ ਕਲਗੀਧਰ ਵਾਲੇ ਪਾਤਸ਼ਾਹ





ਬਿਨਾ ਬਾਜ਼, ਬਿਨਾਂ ਤਾਜ ਗੁਰੂ ਪਿਤਾ ਦਾ ਜਾਮਾ ਲੀਰੋ-ਲੀਰ ਸੀ। ਪੈਰਾਂ ਵਿੱਚ ਛਾਲੇ ਸਨ। ਪੋਹ ਦੀ ਠੰਢੀ ਰਾਤ ਕੰਢਿਆਂ ਦੀ ਸੇਜ਼ ‘ਤੇ ਮਾਛੀਵਾੜਾ ਦੇ ਜੰਗਲਾਂ ਵਿੱਚ ਲੰਘਾਈ। ਫਿਰ ਵੀ ਬੜੀ ਚੜ੍ਹਦੀਕਲਾ ਨਾਲ ਅਕਾਲ ਪੁਰਖ ਦੀ ਬੰਦਗੀ ਵਿੱਚ ਸ਼ਬਦ ਉਚਾਰਿਆਂ :-

**ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ**

ਸਿੱਖ ਧਰਮ ਵਿੱਚ ਹੋਈ ਇੱਕਲੀ ਇੱਕਲੀ ਸ਼ਹਾਦਤ ਸਾਡੇ ਅੰਦਰ ਨਵਾਂ ਜੋਸ਼ ਪੈਦਾ ਕਰਦੀ ਹੈ। ਇਸ ਲਈ ਸਿੱਖੀ ਦੇ ਸਕੂਲ ਵਿੱਚ ਦਾਖਲਾ ਲੈਣ ਲਈ ਪੁਰਜਾ-ਪੁਰਜਾ ਕੱਟ ਮਰੇ ਦਾ ਪ੍ਰਣ ਲੈਣਾ ਪੈਦਾ ਹੈ। ਸ਼ਹਾਦਤਾਂ ਦੇ ਇਤਿਹਾਸ ਵਿੱਚ ਪੋਹ ਦੇ ਮਹੀਨੇ ਹੋਈਆਂ ਅਨੋਖੀਆਂ ਸ਼ਹਾਦਤਾਂ ਦੀ ਕੋਈ ਦੂਸਰੀ ਉਦਾਹਰਨ ਸੰਸਾਰ ਭਰ ਵਿੱਚ ਨਹੀਂ ਮਿਲਦੀ। ਇਸ ਕਰਕੇ ਪੋਹ ਦੇ ਮਹੀਨੇ ਨੂੰ ਸ਼ਹੀਦਾਂ ਦੀ ਯਾਦ ਦਾ ਮਹੀਨਾ ਕਿਹਾ ਜਾਂਦਾ ਹੈ। ਆਓ ਸ਼ਹੀਦੀਆਂ ਦੇ ਇਸ ਮਹੀਨੇ ਨੂੰ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਗੁਰੂ ਜੀ ਦੇ ਪਿਆਰੇ ਸ਼ਹਿਬਜਾਦਿਆਂ ਮਾਤਾ ਗੁਜ਼ਰੀ ਜੀ ਅਤੇ ਗੁਰੂ ਕੇ ਪਿਆਰੇ ਸਿੱਖਾਂ ਦੀਆਂ ਮਹਾਨ ਸ਼ਹੀਦੀਆਂ ਨੂੰ ਚੇਤੇ ਕਰੀਏ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮ ਅਨੁਸਾਰ ਵੱਧ ਤੋਂ ਵੱਧ ਨਾਮ ਸਿਮਰਨ ਕਰਦਿਆਂ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਬਹਾਦਰੀ ਅਤੇ ਸ਼ਹੀਦੀ ਦਾ ਇਤਿਹਾਸ ਦੱਸੀਏ ਕਿਉਕਿ ਸਾਡੇ ਬੱਚੇ ਹੀ ਸਾਡਾ ਆਉਣ ਵਾਲਾ ਭਵਿੱਖ ਹਨ ਜਿਹਨਾਂ ਨੇ ਪੰਥ ਲਈ ਨਵੀਆਂ ਪੁਲਾਘਾਂ ਪੁੱਟਣੀਆਂ ਹਨ।

iColour Graphics T/A

# iSIGNS

DESIGN
PRINT
SIGN

**PRINTING**
- BUSINESS CARDS
- FLYERS
- PHOTOCOPY
- LAMINATION
- BINDING & MORE...

**SIGNAGE**
- SHOP SIGNS
- VEHICLE SIGNS
- FOOTPATH SIGNS
- PULL-UP BANNERS
- POSTERS & MORE...



PH: 0800 03 03 99 | MOB: 021 670 590
Email: icolourgraphics@gmail.com
UNIT 5/2 TIRONUI STATION ROAD WEST, TAKANINI



*Beautiful Smiles For Life...*

## CLENDON DENTAL CENTRE LTD
15 Palmers Road Clendon, Auckland
Ph: 09 266 0769, Mob: 022 040 9399

## PAPATOETOE FAMILY DENTIST
133 Kolmar Road Papatoetoe, Auckland
(Inside East Tamaki Health Care)
Ph: 09 279 9100, Mob: 021 659 934

ਇਥੇ ਹਰ ਤਰਾਂ ਦੇ ਦੰਦਾਂ ਦਾ ਇਲਾਜ ਕੀਤਾ ਜਾਂਦਾ ਹੈ।



Dr. Inderpal Singh (BDS)



Dr. Kiranpal Kaur (BDS)

ਆਪਣੀ ਪੰਜਾਬੀ ਭਾਸ਼ਾ ਬੋਲਣ ਵਾਲੇ ਡਾਕਟਰਾਂ ਨਾਲ ਗੱਲ ਕਰੋ।

FREE WINZ QUOTES & ACC ACCIDENTS

Mon to Fri: 9.00am - 6.00pm



UNIVERSAL HOMEOPATHIC NZ LTD. AUCKLAND
PROVIDING AN EXCEPTIONAL EXPERIENCE IN ALTERNATIVE THERAPIES.

HOMEOPATHY
Universal Homeopathic NZ Ltd

ਡਾ. ਪ੍ਰੀਤ ਨਾਲ ਤੁਸੀ ਅੰਗਰੇਜੀ, ਪੰਜਾਬੀ, ਹਿੰਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ।



DR PREET
Consultant and Physician

Visit
UNIVERSAL HOMEOPATHIC NZ LTD. AUCKLAND

- ACNE
- ASTHMA
- DEPRESSION
- DIABETES
- GALLSTONES
- GOUT
- HAIR LOSS
- INDIGESTION
- MIGRAINE
- OBESITY
- PILES
- PIMPLES
- WORMS
- STRESS

415, Great South Road
info@naturallyhealth.co.nz
P: 021-1256-356



TAKANINI TYRES & MECHANICAL LTD



Our Services :
- Oil Changes
- Wheel alignment
- Tire Services
- Brake Repairs
- WOF + WOF Repairs

CURRENT SPECIALS

| WHEEL ALIGNMENT | WOF SPECIAL | BASIC CAR SERVICE |
|---|---|---|
| $60 ONLY | ONLY $55 | $110 WITH OIL FILTER |



Karamjit (Jit) Singh
MANAGER

WE ARE OPEN MON-SAT 8.30AM TO 5PM
266 GREAT SOUTH ROAD,TAKANINI
021 044 7389
09 212 4111
FB - Takanini Tyres

VALID UNTIL 30 NOVEMBER 2024







# ਸੈਲਾਨੀਆਂ ਲਈ ਪਹਿਲੀ ਪਸੰਦ ਬਣਿਆ ਨਿਊਜ਼ੀਲੈਂਡ




ਵੈਲਿੰਗਟਨ (ਆਈ.ਏ.ਐੱਨ.ਐੱਸ.)- ਘੁੰਮਣ-ਫਿਰਨ ਦੇ ਸ਼ੁਕੀਨਾਂ ਲਈ ਨਿਊਜ਼ੀਲੈਂਡ ਪਹਿਲੀ ਪਸੰਦ ਬਣ ਗਿਆ ਹੈ। ਨਿਊਜ਼ੀਲੈਂਡ ਵਿਚ ਵਿਦੇਸ਼ੀ ਸੈਲਾਨੀਆਂ ਦੀ ਆਮਦ ਅਕਤੂਬਰ 2024 ਵਿੱਚ 240,200 ਸੀ, ਜੋ ਕਿ ਅਕਤੂਬਰ 2023 ਦੇ ਮੁਕਾਬਲੇ 14,200 ਵੱਧ ਹੈ। ਅੰਕੜਾ ਵਿਭਾਗ ਦੇ ਸਟੈਟਸ ਐਨ.ਜ਼ੈਡ. ਨੇ ਸ਼ੁੱਕਰਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ। ਇੱਥੇ ਆਸਟ੍ਰੇਲੀਆ, ਅਮਰੀਕਾ, ਸਿੰਗਾਪੁਰ ਅਤੇ ਬ੍ਰਿਟੇਨ ਤੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਧੀ ਹੈ।

ਸਟੈਟਸ ਜ਼ੰਗ ਨੇ ਕਿਹਾ ਕਿ ਅਕਤੂਬਰ 2024 ਵਿੱਚ ਵਿਦੇਸ਼ੀ ਸੈਲਾਨੀਆਂ ਦੀ ਆਮਦ ਅਕਤੂਬਰ 2019 ਵਿੱਚ 283,800 ਵਿੱਚੋਂ 85 ਪ੍ਰਤੀਸ਼ਤ ਸੀ, ਜੋ ਕਿ ਕੋਵਿਡ-19 ਮਹਾਮਾਰੀ ਤੋਂ ਪਹਿਲਾਂ ਸੀ। ਅੰਕੜਿਆਂ ਮੁਤਾਬਕ ਅਕਤੂਬਰ 2024 ਵਿੱਚ 240,200 ਵਿਦੇਸ਼ੀ ਸੈਲਾਨੀਆਂ ਦੀ ਆਮਦ ਵਿੱਚੋਂ 46 ਫੀਸਦੀ ਆਸਟ੍ਰੇਲੀਆ ਤੋਂ, 9 ਫੀਸਦੀ ਅਮਰੀਕਾ ਤੋਂ, 7 ਫੀਸਦੀ ਚੀਨ ਤੋਂ, 5 ਫੀਸਦੀ ਬ੍ਰਿਟੇਨ ਤੋਂ, 3 ਫੀਸਦੀ ਭਾਰਤ ਤੋਂ ਅਤੇ 3 ਫੀਸਦੀ ਜਰਮਨੀ ਤੋਂ ਸਨ।

ਸਾਲਾਨਾ ਆਮਦ ਦੇ ਸੰਦਰਭ ਵਿੱਚ ਨਿਊਜ਼ੀਲੈਂਡ ਦੇ ਵਿਦੇਸ਼ੀ ਸੈਲਾਨੀਆਂ ਦੀ ਆਮਦ ਅਕਤੂਬਰ 2024 ਵਿੱਚ 3.25 ਮਿਲੀਅਨ ਸੀ, ਜੋ ਕਿ ਅਕਤੂਬਰ 2023 ਸਾਲ ਨਾਲੋਂ 413,000 ਵੱਧ ਹੈ, ਜਿਸ ਵਿਚ ਚੀਨ, ਆਸਟ੍ਰੇਲੀਆ, ਸੰਯੁਕਤ ਰਾਜ, ਦੱਖਣੀ ਕੋਰੀਆ ਅਤੇ ਜਾਪਾਨ ਤੋਂ ਆਮਦ ਵਿੱਚ ਸਭ ਤੋਂ ਵੱਡਾ ਬਦਲਾਅ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਅਕਤੂਬਰ 2024 ਸਾਲ ਵਿੱਚ ਨਿਊਜ਼ੀਲੈਂਡ ਨਿਵਾਸੀ ਯਾਤਰੀਆਂ ਦੀ ਆਮਦ 2.97 ਮਿਲੀਅਨ ਸੀ, ਜੋ ਅਕਤੂਬਰ 2023 ਸਾਲ ਨਾਲੋਂ 383,000 ਵੱਧ ਹੈ।

ਬਾਰਡਰ ਕ੍ਰਾਸਿੰਗ ਦੇ ਸਬੰਧ ਵਿੱਚ ਅਕਤੂਬਰ 2024 ਵਿੱਚ 1.07 ਮਿਲੀਅਨ ਬਾਰਡਰ ਕ੍ਰਾਸਿੰਗ ਸਨ, ਜਿਨ੍ਹਾਂ ਵਿੱਚ 569,900 ਆਗਮਨ ਅਤੇ 504,400 ਰਵਾਨਗੀ ਸਨ। ਅਕਤੂਬਰ 2023 ਵਿੱਚ 1.02 ਮਿਲੀਅਨ ਬਾਰਡਰ ਕ੍ਰਾਸਿੰਗ ਦਰਜ ਕੀਤੇ ਗਏ ਸਨ। ਨਵੀਨਤਮ ਅੰਕੜਿਆਂ ਅਨੁਸਾਰ ਨਿਊਜ਼ੀਲੈਂਡ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿੱਚ ਵੀ ਇੱਕ ਮਜ਼ਬੂਤ ਵਾਧਾ ਦੇਖਿਆ ਹੈ। ਦੇਸ਼ ਨੇ ਜਨਵਰੀ ਅਤੇ ਅਗਸਤ 2024 ਦੇ ਵਿਚਕਾਰ 73,535 ਨਾਮਾਂਕਣ ਦੇਖੇ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਸਿਰਫ ਦੋ ਸ਼ਰਤਾਂ ਵਿੱਚ ਵੱਧ ਨਾਮਾਂਕਣ ਪ੍ਰਾਪਤ ਕੀਤੇ ਗਏ ਹਨ।





# ਸਵਰਨ ਚੰਦ ਲਹਿਰੀ



ਕਪੂਰਥਲੇ ਦਾ ਨਾਂ ਰੇਲਾਂ ਜੋੜਨ ਵਾਲੇ ਜੰਕਸ਼ਨ ਵਜੋਂ ਸੰਸਾਰ ਪ੍ਰਸਿੱਧ ਹੈ, ਪਰ ਗਾਇਨ ਕਲਾ ਨੂੰ ਸਮਰਪਿਤ ਲੋਕ ਇਥੇ ਬਾਕੀ ਜ਼ਿਲ੍ਹਿਆਂ ਵਾਂਗ ਨਹੀਂ ਮਿਲਦੇ। ਨਵੇਂ ਪੋਚ ਦੇ ਕੁੱਝ ਕੁ ਨਾਂ ਹੀ ਅਜਿਹੇ ਹਨ, ਜਿਨ੍ਹਾਂ ਦਾ ਪਿੱਛਾ ਇੱਥੋਂ ਨਾਲ ਜੁੜਿਆ ਹੋਇਆ ਹੈ। ਭਲੇ ਵੇਲਿਆਂ 'ਚ ਗਾਇਕੀ ਤੇ ਸੰਗੀਤਕਾਰੀ ਨੂੰ ਪ੍ਰਣਾਈਆਂ ਚਾਰ-ਪੰਜ ਸ਼ਖ਼ਸੀਅਤਾਂ ਇਥੋਂ ਦੀ ਮਿੱਟੀ ਨਾਲ ਜੁੜੀਆਂ ਹੋਈਆਂ ਸਨ, ਜਿਨ੍ਹਾਂ ਵਿਚੋਂ ਕੁੱਝ ਜਹਾਨੋਂ ਤੁਰ ਗਈਆਂ ਨੇ ਤੇ ਜਿਹੜੀਆਂ ਬਚੀਆਂ ਹਨ, ਉਨ੍ਹਾਂ ਵਿਚੋਂ ਸਵਰਨ ਚੰਦ ਲਹਿਰੀ ਦਾ ਨਾਂ ਮੋਹਰੀ ਹੈ।

ਸਵਰਨ ਚੰਦ ਲਹਿਰੀ ਕਮਾਲ ਦਾ ਬੰਦਾ ਹੈ, ਸਦਾ ਹੱਸਦਾ ਰਹਿਣ ਵਾਲਾ। ਉਸ ਨੂੰ ਜਦੋਂ ਵੀ ਮਿਲੀਏ, ਉਸ ਦਾ ਚਿਹਰਾ ਖਿੜਿਆ ਹੋਵੇਗਾ ਤੇ ਦੰਦ ਸਵਾਗਤ ਕਰਦੇ ਦਿਸਣਗੇ। ਕਿਸੇ ਨੂੰ ਮਿਲਣ ਵੇਲ਼ੇ ਉਸ ਨੂੰ ਚਾਅ ਚੜ੍ਹ ਜਾਂਦੈ ਤੇ ਉਹ 'ਜਨਾਬ...ਜਨਾਬ' ਕਹਿੰਦਾ ਨਹੀਂ ਥੱਕਦਾ। ਇੱਕ ਵੇਲਾ ਉਹ ਵੀ ਸੀ ਜਦੋਂ ਲਹਿਰੀ ਦੀ ਗਾਇਕੀ ਲਹਿਰਾਂ-ਬਹਿਰਾਂ ਲਗਾ ਦਿੰਦੀ ਸੀ, ਪਰ ਵਕਤ ਦੇ ਬਦਲਾਅ ਨੇ ਉਸ ਨੂੰ ਝੰਜੋੜ ਸੁੱਟਿਆ। ਲਹਿਰੀ ਦੀ ਪਹਿਲੀ ਗੱਲ ਤੋਂ ਹੀ ਪਤਾ ਲੱਗ ਜਾਂਦੈ ਕਿ ਉਹ ਮੌਜੀ ਬੰਦਾ ਹੈ। ਪੈਸਿਆਂ ਦੀ ਲੋੜ ਉਸ ਨੂੰ ਹੈ, ਪਰ ਬਹੁਤੀ ਪ੍ਰਵਾਹ ਨਹੀਂ। ਉਸ ਨੇ ਜਿੰਨਾ ਗਾਇਆ, ਪਾਏਦਾਰ ਗਾਇਆ ਤੇ ਅੱਜ ਵੀ ਜਦੋਂ ਉਹ ਗੀਤ ਪੇਸ਼ ਕਰਦੈ ਤਾਂ ਅਜਿਹੀਆਂ ਸੁਰਾਂ ਲਾਉਂਦੈ ਕਿ ਪੁੱਛੋ ਕੁੱਝ ਨਾ। ਆਪਣੀ ਜਾਨ ਨਾਲੋਂ ਉੱਚਾ ਗਾਉਣਾ ਉਸ ਦੀ ਪਛਾਣ ਹੈ, ਇੱਕ-ਇੱਕ ਸਤਰ ਨੂੰ ਕਈ ਤਰ੍ਹਾਂ ਗਾ ਕੇ ਉਹ ਸਿੱਧ ਕਰ ਦਿੰਦੈ ਕਿ ਉਹ ਨਿਪੁੰਨ ਗਵੱਈਆ ਹੈ।

ਸਵਰਨ ਚੰਦ ਸੱਠਾਂ ਨੂੰ ਪਾਰ ਹੋ ਚੁੱਕਿਐ। ਤਿੰਨ ਨਿਆਣਿਆਂ ਦਾ ਉਹ ਪਿਓ ਹੈ ਤੇ ਕਪੂਰਥਲੇ ਦੇ ਮਲਕਾਣਾ ਮੁਹੱਲੇ ਵਿਚਲੇ ਘਰ ਵਿੱਚ ਨਵਾਬਾਂ ਵਾਂਗ ਰਹਿਣਾ ਉਸ ਦੀ ਸ਼ਖ਼ਸੀਅਤ ਦਾ ਪਹਿਲੂ ਹੈ। ਜਿਵੇਂ ਕਿਸੇ ਵੇਲ਼ੇ ਸੰਜੇ ਦੱਤ ਨੇ ਗਿੱਚੀ ਪਿੱਛੋਂ ਵਾਲ਼ ਵਧਾਏ ਸਨ, ਉਹੀ ਸਟਾਈਲ ਲਹਿਰੀ ਦਾ ਹੈ। ਲੰਮਾ ਕੁੜਤਾ ਤੇ ਚਿੱਟੇ ਰੰਗ ਦਾ ਪਜ਼ਾਮਾ ਪਹਿਨ ਉਹ ਧੂੜਾਂ ਪੁੱਟਣ ਵਾਲਾ ਗਵੱਈਆ ਜਾਪਦੈ।

ਲਹਿਰੀ ਦੱਸਦੈ, 'ਸਾਡੇ ਖਾਨਦਾਨ ਵਿੱਚ ਕੋਈ ਨਹੀਂ ਸੀ ਗਾਉਂਦਾ... ਮੈਨੂੰ ਗਾਉਣ ਦਾ ਸ਼ੌਕ ਨਿੱਕੀ ਉਮਰੇ ਪੈ ਗਿਆ... ਇੱਕ ਵਾਰ ਮਿਲਖੀ ਰਾਮ ਮਿਲਖੀ ਹੁਰੀਂ ਸਾਡੇ ਬੂਲੇ ਪਿੰਡ ਵੋਟਾਂ ਦੇ ਪ੍ਰੋਗਰਾਮ ਵਿੱਚ ਗਾਉਣ ਆਏ ...ਉਥੇ ਮੈਨੂੰ ਵੀ ਗਾਉਣ ਦਾ ਟਾਈਮ ਮਿਲ ਗਿਆ...ਤੇ ਇੱਥੋਂ ਹੀ ਮੇਰੇ ਗਾਇਕੀ ਦੇ ਬੂਟੇ ਨੂੰ ਪਾਣੀ ਮਿਲਣਾ ਸ਼ੁਰੂ ਹੋ ਗਿਆ।' ਸਵਰਨ ਚੰਦ ਦੇ ਪਰਿਵਾਰ ਨੇ ਰੱਜ ਕੇ ਗ਼ਰੀਬੀ ਦੇਖੀ। ਪਿਤਾ ਦਿਹਾੜੀ ਕਰਦਾ ਸੀ ਤੇ ਸਵਰਨ ਚੰਦ ਮਾਲ-ਡੰਗਰ ਚਾਰਦਾ। ਲਹਿਰੀ ਨੂੰ ਉਸ ਦੇ ਦੋਸਤ-ਮਿੱਤਰ ਮੇਲਿਆਂ 'ਤੇ ਗਾਉਣ ਲਈ ਸਮਾਂ ਲੈ ਦਿੰਦੇ ਤੇ ਉਹ ਆਪਣਾ ਕੀੜਾ ਕੱਢ ਆਉਂਦਾ। ਮਾਂ ਨੇ ਕਹਿਣਾ, 'ਸਵਰਨਿਆਂ ਤੂੰ ਤੂੰਬੀ ਵਜਾਉਂਦਾ ਰਹਿਨਾਂ...ਇੰਜ ਰੋਟੀ ਕਿੱਥੋਂ ਖਾਵਾਂਗਾ...ਜਾਹ ਝੋਨਾ ਝਾੜ ਕੇ ਆ...।' ਪਰ ਲਹਿਰੀ ਤਾਂ ਆਖ਼ਰ ਲਹਿਰੀ ਸੀ, ਲਹਿਰਾਂ-ਬਹਿਰਾਂ ਲਾਉਣ ਵਾਲਾ।

ਸਵਰਨ ਚੰਦ ਲਹਿਰੀ ਦੇ ਨਾਂ ਦਾ ਵੀ ਵੱਖਰਾ ਹੀ ਕਿੱਸਾ ਹੈ। ਘਰਦਿਆਂ ਨੇ ਉਸ ਦਾ ਨਾਂ ਸਰਾਜ ਲਾਲ ਰੱਖਿਆ ਸੀ। ਜਦੋਂ ਉਹ ਗਾਉਣਾ ਸਿੱਖਣ ਲੱਗਾ ਤਾਂ ਉਸਤਾਦ ਦੇ ਘਰਵਾਲੀ ਨੇ ਉਸ ਦਾ ਨਾਂ ਸਰਾਜ ਲਾਲ ਤੋਂ ਬਦਲ ਕੇ ਸਵਰਨ ਚੰਦ ਰੱਖ ਦਿੱਤਾ ਕਿਉਂਕਿ ਉਹ ਸਰਾਜ ਲਾਲ ਨਾਂ ਨੂੰ ਪੁੱਠਾ ਜਿਹਾ ਮੰਨਦੀ ਸੀ। ਇੱਕ ਵਾਰ ਉਹ ਗੁਰਦੁਆਰਾ ਬੇਰ ਸਾਹਿਬ ਵਿਖੇ ਗਾ ਰਿਹਾ ਸੀ ਤਾਂ ਮੁੱਖ ਮਹਿਮਾਨ ਪ੍ਰਤਾਪ ਸਿੰਘ ਕੈਰੋਂ ਨੇ ਸਟੇਜ ਆ ਕੇ ਆਖਿਆ, 'ਵਾਹ ਬਈ, ਮੁੰਡੇ ਨੇ ਤਾਂ ਲਹਿਰਾਂ ਲਾ ਦਿੱਤੀਆਂ ਗਾ ਕੇ...ਸਵਾਦ ਆ ਗਿਆ ਸੁਣ ਕੇ...।' ਇੱਥੋਂ ਉਸ ਦੇ ਨਾਂ ਪਿੱਛੇ 'ਲਹਿਰੀ' ਤਖੱਲਸ ਦਾ ਟੋਚਨ ਪੈ ਗਿਆ।

ਅਤੀਤ ਸਾਂਝਾ ਕਰਦਿਆਂ ਲਹਿਰੀ ਆਖਦੈ, 'ਜਨਾਬ... ਬੜੀ ਤੰਗੀ ਦੇਖੀ ਐ ਮੈਂ...ਰੋਟੀ ਮਸਾਂ ਪੱਕਦੀ ਸੀ ਸਾਡੇ ਘਰ... ਉਦੋਂ ਲੁਧਿਆਣਾ ਗਾਇਕੀ ਦਾ ਗੜ੍ਹ ਹੁੰਦਾ ਸੀ...ਪਰ ਮੈਂ ਉਥੇ ਜਾ ਨਾ ਸਕਿਆ ਕਿਉਂਕਿ ਮਜ਼ਦੂਰੀ ਕਰੇ ਬਿਨਾਂ ਘਰ ਨਹੀਂ ਸੀ ਤੁਰਦਾ...ਨਹੀਂ ਤਾਂ ਮੈਂ ਵੀ ਵੱਡਾ ਗਵੱਈਆ ਬਣ ਜਾਂਦਾ।'

ਸਵਰਨ ਚੰਦ ਲਹਿਰੀ ਆਪਣੀ ਗਾਇਕੀ ਦੀ ਅਸਲ ਸ਼ੁਰੂਆਤ 1970 ਤੋਂ ਥੋੜ੍ਹਾ ਸਮਾਂ ਪਹਿਲਾਂ ਹੋਈ ਦੱਸਦਾ ਹੈ। ਸਾਧੂ ਰਾਮ ਨਾਂ ਦੇ ਸ਼ਖ਼ਸ ਨੇ ਉਸ ਨੂੰ ਹੁਸ਼ਿਆਰਪੁਰ ਰਹਿਣ ਵਾਲੇ ਉਸਤਾਦ ਗਾਇਕ ਸੋਹਣ ਲਾਲ ਪਰਦੇਸੀ ਦੇ ਲੜ ਲਗਾ ਦਿੱਤਾ। ਉਸਤਾਦ ਜੀ ਤੂੰਬੇ 'ਤੇ ਲੰਮੀਆਂ-ਲੰਮੀਆਂ ਵਾਰਾਂ ਗਾਉਂਦੇ ਸਨ, ਜਿਹੜੀ ਵਾਰ ਸ਼ੁਰੂ ਕਰ ਲੈਂਦੇ ਸਾਰੀ-ਸਾਰੀ ਰਾਤ ਗਾਈ ਜਾਂਦੇ। ਅਨਪੜ੍ਹ ਹੋਣ ਕਰਕੇ ਲਹਿਰੀ ਲੰਮੀਆਂ ਵਾਰਾਂ ਗਾ ਨਹੀਂ ਸੀ ਸਕਦਾ, ਸੋ ਉਸ ਨੇ ਉਸਤਾਦ ਨਾਲੋਂ ਵੱਖਰੀ ਗਾਇਕੀ ਫੜ ਲਈ। ਉਹ ਪੰਮੀ ਪੋਹਲੀ, ਮਿਲਖੀ ਰਾਮ ਮਿਲਖੀ, ਕੁਲਦੀਪ ਮਾਣਕ ਤੇ ਮੁਹੰਮਦ ਸਦੀਕ ਵਰਗੇ ਗਾਇਕਾਂ ਦੇ ਰਾਹ ਤੁਰ ਪਿਆ। ਚਾਰ ਸਾਲ ਉਹ ਉਸਤਾਦ ਕੋਲ ਰਿਹਾ ਤੇ ਉਸ ਦਾ ਕਹਿਣਾ ਹੈ, 'ਜੋ ਕੁੱਝ ਉਨ੍ਹਾਂ ਚਾਰ ਸਾਲਾਂ ਵਿੱਚ ਮੈਂ ਸਿੱਖਿਆ, ਬਾਅਦ ਵਿੱਚ ਕਿਸੇ ਹੋਰ ਕੋਲੋਂ ਨਹੀਂ ਸਿੱਖ ਸਕਿਆ।'

ਲਹਿਰੀ ਨੂੰ ਉਮੀਦ ਨਹੀਂ ਸੀ ਕਿ ਕਦੇ ਉਸ ਦਾ ਵੀ ਰਿਕਾਰਡ ਸਪੀਕਰਾਂ ਵਿੱਚ ਗੂੰਜੇਗਾ, ਪਰ ਇੱਕ ਦਿਨ ਸਬੱਬ ਬਣ ਗਿਆ। ਉਹ ਦੱਸਦੈ, 'ਬੰਬੇ ਦੀ 'ਪੋਲੀਡੋਰ' ਕੰਪਨੀ ਵਾਲੇ ਲੁਧਿਆਣੇ ਵਿੱਚ ਕਲਾਕਾਰਾਂ ਦਾ ਆਡੀਸ਼ਨ ਲੈਣ ਆਏ ਸਨ। ਬੜੇ ਕਲਾਕਾਰ ਗਏ ਉਥੇ। ਮੇਰਾ ਇੱਕ ਜਲੰਧਰੀਆ ਮਿੱਤਰ ਮਨੋਹਰ ਮੇਰੇ ਕੋਲ ਆਇਆ ਤੇ ਆਡੀਸ਼ਨ ਦੇਣ ਲਈ ਕਹਿਣ ਲੱਗਾ। ਅਸੀਂ ਲੁਧਿਆਣੇ ਪਹੁੰਚ ਗਏ। ਤਿੰਨ ਘੰਟੇ ਬਾਅਦ ਸਾਡੀ ਵਾਰੀ ਆਈ ਤਾਂ ਮੈਂ 'ਮਾਰ ਦੁਹੱਥੜ ਪੱਟਾਂ ਉੱਤੇ ਲੈ ਅੱਖੀਆਂ ਵਿੱਚ ਪੱਲੇ, ਵੇ ਸੰਭਾਲ ਪੁੰਨਣਾ ਸੱਸੀ ਦੇ ਦਮ ਚੱਲੇ' ਗੀਤ ਗਾਇਆ। ਕੰਪਨੀ ਮਾਲਕ ਲੂਥਰ ਨੇ ਝੱਟ ਰਿਕਾਰਡਿੰਗ ਦੀ ਹਾਂ ਕਰ ਦਿੱਤੀ।'

ਮਹੀਨੇ ਕੁ ਬਾਅਦ ਸਵਰਨ ਚੰਦ ਦਿੱਲੀ ਰਿਕਾਰਡਿੰਗ ਲਈ ਚਲਾ ਗਿਆ। 1971 ਵਿੱਚ ਉਸ ਦਾ ਪਹਿਲਾ ਸੋਲੋ ਰਿਕਾਰਡ ਮਾਰਕੀਟ ਵਿੱਚ ਆ ਗਿਆ, ਜਿਸ ਵਿੱਚ ਇੱਕ ਗੀਤ ਉਹੀ ਸੀ, ਜਿਹੜਾ ਉਸ ਨੇ ਆਡੀਸ਼ਨ ਵੇਲੇ ਸੁਣਾਇਆ ਸੀ ਤੇ ਦੂਜਾ ਸੀ, 'ਸੁਣ ਨੀਂ ਤਾਰਾ ਪੁੱਤਰ ਤੇਰਾ ਮਰ ਗਿਆ ਨੀਂ ਸੱਪ ਲੜਕੇ, ਤਾਰਾ ਨੇ ਧਾਹਾਂ ਮਾਰੀਆਂ ਕੋਲ ਲਾਸ਼ ਦੇ ਖੜ੍ਹ ਕੇ'। ਤੀਜੇ ਗੀਤ ਵਿੱਚ ਛੜਿਆਂ ਦੀ ਕਹਾਣੀ ਬਿਆਨ ਕੀਤੀ ਗਈ ਸੀ ਕਿ ਕੋਈ ਵਾਹ ਨਾ ਚੱਲਦੀ ਦੇਖ ਛੜੇ ਰੱਬ ਮੂਹਰੇ ਕਿਵੇਂ ਫਰਿਆਦਾਂ ਕਰਦੇ ਹਨ। ਚਤਰ ਸਿੰਘ ਪਰਵਾਨਾ ਦੇ ਲਿਖੇ ਇਸ ਗੀਤ ਦੇ ਬੋਲ ਸਨ:

ਚੰਗੇ ਮਾੜੇ ਰੰਗ ਦਾ ਖਿਆਲ ਨਾ ਕਰੀਂ, ਸਾਡੀ ਕਿੱਲੀ ਦੱਬ ਦੇ,
ਬੁੱਢੀ ਠੇਰੀ ਹੋਵੇ, ਭਾਵੇਂ ਪੰਦਰਾਂ ਨਿਆਣਿਆਂ ਦੀ ਮਾਂ ਲੱਭਦੇ।
ਕਹਿੰਦਾ 'ਪਰਵਾਨਾ' ਮੇਰੀ ਰੋਟੀ ਹੋਜੂ ਪੱਕਦੀ,
ਭਰਦੂੰਗਾਂ ਦਾਣਿਆਂ ਦਾ ਭੜੋਲਾ,
ਛੜੇ ਦਾ ਕਿਤੇ ਕਰ ਮੰਗਣਾ, ਰੱਬਾ ਮੇਰਿਆ ਬਣ ਕੇ ਵਿਚੋਲਾ।

ਚੌਥੇ ਗੀਤ 'ਹੱਥੀਂ ਰੋੜ੍ਹ ਕੇ ਨਦੀ ਦੇ ਵਿੱਚ ਬਾਬਲਾ ਅੱਜ ਮੇਰਾ ਸਾਕ ਮੰਗਦਾਂ' ਵਿੱਚ ਸੱਸੀ ਨੂੰ ਆਪਣੇ ਬਾਪ ਨਾਲ ਵਾਰਤਾਲਾਪ ਕਰਦੀ ਦਰਸਾਇਆ ਗਿਆ ਸੀ। ਲਹਿਰੀ ਦਾ ਇਹ ਰਿਕਾਰਡ ਠੀਕ-ਠਾਕ ਹੀ ਰਿਹਾ ਕਿਉਂਕਿ ਕੰਪਨੀ ਦੂਰ ਦੀ ਸੀ ਤੇ ਪੰਜਾਬ ਵਿੱਚ ਉਸ ਦੇ ਡੀਲਰ ਗਿਣਤੀ ਦੇ ਹੀ ਸਨ। ਇਸ ਰਿਕਾਰਡ ਨਾਲ ਲਹਿਰੀ ਦੀ ਇਲਾਕੇ ਵਿੱਚ ਪਛਾਣ ਬਣ ਗਈ ਤੇ ਫੇਰ ਸਾਲ ਕੁ ਬਾਅਦ ਉਸ ਦਾ ਦੂਜਾ ਰਿਕਾਰਡ ਮਾਰਕੀਟ ਵਿੱਚ ਆ ਗਿਆ।

ਲਹਿਰੀ ਦਾ ਦੂਜਾ ਰਿਕਾਰਡ ਦੋਗਾਣਿਆਂ ਦਾ ਸੀ, 'ਅੱਜ ਕੁਦਰਤੀ ਹੋ ਗਏ ਟਾਕਰੇ।' ਇਸ ਵਿੱਚ ਉਸ ਨੇ ਫਗਵਾੜੇ ਵੱਲ ਦੀ ਗਾਇਕਾ ਬਲਵਿੰਦਰ ਬਿੰਦੂ ਨਾਲ ਗਾਇਆ, ਜਿਹੜੀ ਉਸ ਨੂੰ ਸਟੇਜਾਂ 'ਤੇ ਅਕਸਰ ਮਿਲਦੀ ਹੁੰਦੀ ਸੀ। ਦੂਜਾ ਰਿਕਾਰਡ ਪਹਿਲੇ ਨਾਲੋਂ ਵੱਧ ਚੱਲਿਆ ਤੇ ਉਸ ਨੂੰ ਚੰਗੇ ਪ੍ਰੋਗਰਾਮ ਮਿਲਣੇ ਸ਼ੁਰੂ ਹੋ ਗਏ। ਉਹ ਚਾਰ ਸੌ ਰੁਪਏ ਵਿੱਚ ਪ੍ਰੋਗਰਾਮ ਲਾਉਣ ਲੱਗਾ ਤੇ ਗ਼ਰੀਬੀ ਉਸ ਤੋਂ ਥੋੜ੍ਹਾ ਦੂਰ ਜਾਣ ਲੱਗੀ।

ਲਹਿਰੀ ਤੇ ਬਿੰਦੂ ਦੇ ਦੋਗਾਣਿਆਂ ਦੇ ਵਿਸ਼ੇ ਭਾਂਤ-ਸੁਭਾਂਤੇ ਸਨ, ਜਿਨ੍ਹਾਂ ਵਿੱਚ ਬੇਬਾਕੀ ਵੀ ਸੀ, ਵਕਤ ਦੀ ਹਕੀਕਤ ਵੀ ਤੇ ਹਿਜ਼ਰ ਦੀ ਪੀੜ ਵੀ। ਇੱਕ ਗੀਤ ਉਨ੍ਹਾਂ ਦਿਨਾਂ ਵਿੱਚ ਖ਼ੂਬ ਵੱਜਿਆ, ਜਿਸ ਵਿੱਚ ਉਹ ਆਖਦਾ :

ਅੱਜ ਕੁਦਰਤੀ ਹੋ ਗਏ ਟਾਕਰੇ,
ਫੜ ਗਿਆ ਨੀਂ ਬਾਂਹ ਫੜਕੇ।
ਪੰਜੇ ਆਪਣੇ ਵੀਰ ਬੁਲਾ ਲੈ,
ਵੇਖਣ ਦੋ ਹੱਥ ਕਰਕੇ,
ਐਥੇ 'ਲਹਿਰੀ' ਦੀ ਡਾਂਗ ਦੜਾ-ਦੜ ਖੜਕੇ।

ਅੱਗੋਂ ਬਿੰਦੂ ਜ਼ਮਾਨੇ ਅਤੇ ਭਰਾਵਾਂ ਤੋਂ ਡਰਦੀ ਉਸ ਨੂੰ ਗਲੀ ਵਿੱਚ ਨਾ ਘੇਰਨ ਬਾਰੇ ਆਖਦੀ :

ਭੀੜੀ ਗਲੀ ਵਿੱਚ ਹੋ ਗਏ ਟਾਕਰੇ,
ਖੜ ਗਿਆ ਵੇ ਬਾਂਹ ਫੜ ਕੇ,
ਵੀਰਾਂ ਮੇਰਿਆਂ ਨੂੰ ਖ਼ਬਰ ਜੇ ਹੋਗੀ,
ਲਿਆਉਣ ਦੁਨਾਲੀ ਭਰਕੇ,
ਬਾਂਹ ਛੱਡ ਵੇ ਮਿੱਤਰਾ, ਨਰਮ ਕਾਲਜਾ ਧੜਕੇ।

ਇਸ ਰਿਕਾਰਡ ਵਿੱਚ ਇੱਕ ਗੀਤ 'ਜੇਠਾ ਡੁੱਬ ਜਾਣਿਆ ਤੇਰੇ ਗਲ਼ ਵਿੱਚ ਪਾਊਂ ਰੱਸਾ' ਸੀ ਤੇ ਦੋ ਗੀਤ ਉਸ ਦੇ ਚੇਤੇ 'ਚੋਂ ਕਿਰ ਗਏ ਹਨ।

ਡੇਢ ਕੁ ਸਾਲ ਬਾਅਦ ਲਹਿਰੀ ਦਾ ਤੀਜਾ ਰਿਕਾਰਡ ਬਲਵਿੰਦਰ ਬੱਲੀ ਨਾਲ ਮਾਰਕੀਟ ਵਿੱਚ ਆਇਆ। ਇਸ ਰਿਕਾਰਡ ਵਿਚਲੇ ਦੋ ਗੀਤ, 'ਆਜਾ ਭਾਬੀ ਬਹਿ ਕੇ ਨੀਂ ਅੱਜ ਗੱਲਾਂ ਕਰੀਏ ਗੂੜ੍ਹੀਆਂ' ਤੇ 'ਗੰਨਾ ਚੂਪਦੀ ਕੁਲਹਿਣੀ ਬੱਸ ਚੜ੍ਹਗੀ' ਸਨ ਅਤੇ ਦੋਹਾਂ ਦੇ ਬੋਲ ਉਸ ਨੂੰ ਇਸ ਦੇ ਵੀ ਯਾਦ ਨਹੀਂ।

ਲਹਿਰੀ ਦਾ ਚੌਥਾ ਧਾਰਮਿਕ ਰਿਕਾਰਡ ਸੀ, ਜਿਸ ਦੇ ਗੀਤ ਅਲਮਸਤ ਦੇਸਰਪੁਰੀ ਨੇ ਲਿਖੇ ਸਨ। ਇਸ ਵਿੱਚ ਦੋ ਗੀਤ ਉਸ ਦੇ ਆਪਣੇ ਸਨ ਤੇ ਦੋ ਉਸ ਦੇ ਸ਼ਾਗਿਰਦ ਕੇਵਲ ਰਜ਼ਾਪੁਰੀ ਦੇ। ਲਹਿਰੀ ਦੇ ਦੋਹੇਂ ਗੀਤ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਵਾਲੇ ਸਨ ਤੇ ਰਜ਼ਾਪੁਰੀ ਦੇ ਗੁਰੂ ਨਾਨਕ ਦੇਵ ਜੀ ਬਾਰੇ।

ਸਵਰਨ ਚੰਦ ਲਹਿਰੀ ਦਾ ਗਾਇਕੀ ਸਫ਼ਰ ਚਾਰ ਰਿਕਾਰਡਾਂ ਵਿੱਚ ਬੰਦ ਹੈ। ਉਸ ਦੀ ਕੋਈ ਕੈਸਿਟ ਨਹੀਂ ਆਈ ਤੇ ਨਾ ਹੀ ਉਸ ਨੇ ਕਰਾਉਣ ਦਾ ਕੋਈ ਹੀਲਾ ਕੀਤਾ ਕਿਉਂਕਿ ਉਸ ਕੋਲ ਪੈਸੇ ਨਹੀਂ ਸਨ ਤੇ ਬਿਨਾਂ ਪੈਸਿਓਂ ਕੋਈ ਗਾਇਕ ਨੂੰ ਸਿਆਣਦਾ ਤੱਕ ਨਹੀਂ। ਲਹਿਰੀ ਆਖਦੈ, 'ਮੇਰੇ ਵਰਗੇ ਕਲਾਕਾਰਾਂ ਨੂੰ ਕੈਸਿਟ ਕਲਚਰ ਨੇ ਵੀ ਢਾਹ ਲਾਈ ਤੇ ਅੱਤਵਾਦ ਨੇ ਵੀ। ਜਦੋਂ ਅੱਤਵਾਦ ਨੇ ਪੰਜਾਬ ਨੂੰ ਡੰਗ ਲਿਆ ਤਾਂ ਸਾਡੇ ਵਰਗੇ ਕਲਾਕਾਰ ਗਾਉਣੋਂ ਡਰਨ ਲੱਗੇ। ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਲੱਗੀਆਂ, ਸੋ ਸਭ ਨੇ ਚੁੱਪ ਵੱਟਣ ਵਿੱਚ ਹੀ ਭਲਾ ਸਮਝਿਆ।'

ਲਹਿਰੀ ਨੂੰ ਆਪਣੇ ਜਨਮ ਬਾਰੇ ਵੀ ਪੂਰੀ ਜਾਣਕਾਰੀ ਨਹੀਂ। ਅੰਦਾਜ਼ਾ ਜਿਹਾ ਲਗਾ ਕੇ ਉਹ ਆਖ ਛੱਡਦੈ, 'ਵੰਡ ਵਾਲੇ ਸਾਲ ਵਿੱਚ ਜੰਮਿਆ ਸਾਂ ਮੈਂ...ਮਾਂ ਬਰਕਤੇ ਕਹਿੰਦੀ ਹੈ ਜਦੋਂ ਵੰਡ ਹੋਈ ਸੀ ਉਦੋਂ ਤੂੰ ਪੰਜਾਂ-ਸੱਤਾਂ ਦਿਨਾਂ ਦਾ ਸੀ।'

ਗੀਤ ਯਾਦ ਨਾ ਆਉਣ 'ਤੇ ਉਹ ਆਖਦੈ, 'ਮੇਰੀ ਗੀਤਾਂ ਵਾਲੀ ਡਾਇਰੀ ਕਿਸੇ ਕਲਾਕਾਰ ਨੇ ਚੁੱਕ ਲਈ ਸੀ, ਤਾਹੀਓਂ ਮੈਨੂੰ ਗੀਤ ਚੇਤੇ ਨਹੀਂ ਆਉਂਦੇ।' ਵਿਆਹ ਦੀ ਪੱਕੀ ਤਰੀਕ ਬਾਰੇ ਉਹ ਕਹਿੰਦੈ, 'ਸ਼ਾਇਦ 1976 'ਚ ਹੋਇਐ ਮੇਰਾ ਵਿਆਹ... ਅਨਪੜ੍ਹ ਹੋਣ ਕਰਕੇ ਮੈਨੂੰ ਕੁੱਝ ਯਾਦ ਨਹੀਂ ਰਹਿੰਦਾ...ਘਰਵਾਲੀ ਦਾ ਨਾਂ ਰਾਜ ਰਾਣੀ ਹੈ, ਬੜੀ ਚੰਗੀ ਹੈ ਉਹ।' ਲਹਿਰੀ ਇੱਕ ਵਾਰ ਇੰਗਲੈਂਡ ਗਿਆ ਛਿੰਦੇ ਨਾਂ ਦੇ ਪ੍ਰਮੋਟਰ ਨਾਲ। ਉਥੇ ਉਸ ਨੇ ਸਵਿਤਾ ਰਾਣੀ ਨਾਲ ਪ੍ਰੋਗਰਾਮ ਪੇਸ਼ ਕੀਤਾ ਸੀ।

ਗਾਉਣ ਦੇ ਨਾਂ 'ਤੇ ਹੁਣ ਵੀ ਲਹਿਰੀ ਨੂੰ ਵਿਆਹ ਜਿੰਨਾ ਚਾਅ ਚੜ੍ਹ ਜਾਂਦੈ। ਮੌਕਾ ਮਿਲਣ 'ਤੇ ਕਦੇ ਉਹ ਕਿਸੇ ਸੱਭਿਆਚਾਰਕ ਮੇਲੇ 'ਤੇ ਚਲਾ ਜਾਂਦੈ ਤੇ ਕਦੇ ਜਗਰਾਤੇ 'ਤੇ। ਜਿੰਨਾ ਕੁ ਖਰਚਾ-ਪਾਣੀ ਉਸ ਨੂੰ ਮਿਲ ਜਾਂਦੈ, ਉਹ ਓਨੇ 'ਚ ਖ਼ੁਸ਼ੀ-ਖ਼ੁਸ਼ੀ ਗੁਜ਼ਾਰਾ ਕਰ ਲੈਂਦੈ। ਪੰਜਾਂ ਭਰਾਵਾਂ ਤੇ ਦੋ ਭੈਣਾਂ ਦੇ ਵੀਰ ਲਹਿਰੀ ਦੀ ਰੀਸੇ ਉਸ ਦੇ ਇੱਕ ਹੋਰ ਭਰਾ ਨੇ ਗਾਉਣਾ ਸ਼ੁਰੂ ਕਰ ਦਿੱਤਾ।

ਉਸ ਦੇ ਦੋ ਭਤੀਜੇ ਤਬਲਾ ਵਜਾਉਂਦੇ ਨੇ ਤੇ ਉਸ ਦਾ ਆਪਣਾ ਮੁੰਡਾ ਡਰੰਮ ਸੈੱਟ ਵਜਾਉਣ 'ਚ ਚੰਗੀ ਮੁਹਾਰਤ ਰੱਖਦਾ ਹੈ, ਜਿਹੜਾ ਕਦੇ ਕਿਸੇ ਗਾਇਕ ਨਾਲ ਤੇ ਕਦੇ ਕਿਸੇ ਨਾਲ ਪ੍ਰੋਗਰਾਮ 'ਤੇ ਜਾਂਦੈ।

– ਸਵਰਨ ਸਿੰਘ ਟਹਿਣਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ –ਧਰਮ ਨਿਰਪੱਖਤਾ ਦਾ ਸੁਨੇਹਾ ਦੇਣ ਵਾਲੇ ਸ਼੍ਰੋਮਣੀ ਗੁਰੂ

**ਭੂਮਿਕਾ ;–** ਲੱਗਭੱਗ ਹਰ ਧਰਮ ਨਾਲ ਸਬੰਧਿਤ ਕੋਈ ਨਾ ਕੋਈ ਪਵਿੱਤਰ ਗ੍ਰੰਥ ਜਾਂ ਪੁਸਤਕ ਹੁੰਦੀ ਹੀ ਹੈ ,ਉਸ ਧਰਮ ਦਾ ਇਤਿਹਾਸਿਕ ਪਹਿਲੂ ਦੱਸਣ ਤੇ ਮਨੁੱਖੀ ਜੀਵਨ ਨੂੰ ਸੇਧ ਦਾ ਸੁਨੇਹਾ ਦੇਣ ਲਈ। ਹਰ ਇੱਕ ਧਰਮ ਦੇ ਆਪੋ ਆਪਣੇ ਸਿਧਾਂਤ ਇਹਨਾਂ ਧਾਰਮਿਕ ਪੁਸਤਕਾਂ ਵਿੱਚ ਦਰਜ ਹੁੰਦੇ ਹਨ।

ਕੁਝ ਇਸੇ ਤਰਾਂ ਖਾਲਸਾ ਪੰਥ ਦੇ , ਦਸਵੇਂ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ , ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਥਾਪਿਤ ਕੀਤੇ , ਸਰਬ ਜਗਤ ਵਿੱਚ ਸਨਮਾਨਿਤ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਇੱਕ ਵਿਲੱਖਣ ਵਿਸ਼ੇਸ਼ਤਾਵਾਂ ਰੱਖਣ ਵਾਲੇ ਪਵਿੱਤਰ ਗ੍ਰੰਥ ਹਨ । ਇਨਾਂ ਅੰਦਰ ਸ਼ੁਸ਼ੋਭਿਤ ਬਾਣੀ ਰਾਗਾਂ ਤੇ ਆਧਾਰਿਤ ਹੋਣ ਕਾਰਣ ਕਵਿਤਾ ਸਰੂਪ ਹੈ । ਇਨਾਂ ਵਿੱਚ ਗੁਰਮੁਖੀ ਲਿੱਪੀ ਦੀ ਵਰਤੋਂ ਹੇਠ, ਬਹੁਤ ਸਾਰੀਆਂ ਭਾਸ਼ਾਵਾਂ ਦੀ ਵੀ ਵਰਤੋਂ ਹੋਈ ਹੈ, ਇਥੋਂ ਤੱਕ ਕਿ, ਸਹੀਦਾਂ ਦੇ ਸਿਰਤਾਜ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਨਾਂ ਦੀ ਸੰਪਾਦਨਾ ਦੌਰਾਨ ਸਿਰਫ਼ ਇਕ ਵਿਚਾਰਧਾਰਾ ਦਾ ਹੀ ਲੜ ਫੜਿਆ ਸੀ ਤੇ ਕਿਸੇ ਮਜ਼ਹਬ,ਵਰਨ ,ਜਾਤ ,ਧਰਮ, ਜਾਂ ਧੰਦੇ ਵਾਲੇ ਭਗਤਾਂ , ਕਵੀਸਰਾਂ ਜਾਂ ਭੱਟ ਸਾਹਿਬਾਨਾਂ ਦੀ ਰਚਿਤ ਬਾਣੀ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ। ਸਗੋਂ ਭਗਤ ਸੈਨ (ਨਾਈ ) , ਸਧਨਾ ਜੀ ( ਕਸਾਈ , )ਸ੍ਰੀ ਗੁਰੂ ਰਵਿਦਾਸ ਜੀ (ਚਮਿਆਰ ), ਭਗਤ ਕਬੀਰ ਜੀ( ਜੁਲਾਹੇ) ਬਾਬਾ ਫਰੀਦ ਜੀ, ( ਮੁਸਲਿਮ) ਸੰਪਰਦਾ ਨਾਲ ਸਬੰਧਤ,ਭਗਤ ਰਾਮਾਨੰਦ ਜੀ (ਸਨਾਤਕ) ਧੰਨਾ ਭਗਤ ਜੀ( ਇੱਕ ਗੈਰ ਸਮਾਜਿਕ ਕੰਮ ਕਰਨ ਵਾਲਾ ਪੁਰਸ਼ ) ਧਰਮਾਂ , ਜਾਤਾਂ ਤੇ ਖਿੱਤਿਆਂ ਨਾਲ ਸੰਬੰਧਿਤ ਹੁੰਦਿਆਂ ਹੋਇਆਂ ਵੀ,ਆਪ ਸਭ ਦੀ ਬਾਣੀ ਨੂੰ ਸਿੱਖ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਬਰਾਬਰ ਦੀ ਥਾਂ ਦਿੱਤੀ ਹੈ। ਉਪਰੋਕਤ ਪਵਿੱਤਰ ਬਾਣੀ ,ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗਾਂ ਤੇ ਸੁਸ਼ੋਭਿਤ ਹੈ। ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਵਿੱਚੋਂ, ਜਾਤ ਪਾਤ ,ਦੱਕਿਆਨੂਸੀ ਸੋਚ , ਛੂਆ ਛੂਤ ,ਕਰਮ ਕਾਂਡ, ਜੀਵ ਬਲੀ ਤੇ ਸਮਾਜ ਵਿੱਚ ਹੋਰ ਬਹੁਤ ਸਾਰੀਆਂ ਕੁਰੀਤੀਆਂ ਦਾ ਖੰਡਣ ਕਰਨਾ ਸ਼ੁਮਾਰ ਹਨ । ਸਾਦਗੀ ,ਨਿਰਮਲਤਾ , ਸੱਚ, ਇਮਾਨਦਾਰੀ, ਮਿਹਨਤਕਸ਼ ਦਾ ਹੱਕ ਅਦਾ ਕਰਨਾ , ਲੋੜਵੰਦ ਦੀ ਮਦਦ ਕਰਨੀ, ਨੇਕ ਨੀਤੀ ਰੱਖਣ ਵਾਲੇ ਦਾ ਪੱਖ ਪੂਰਨਾ ,ਮਿਹਨਤ ਕਰਨੀ,। ਨਾਮ ਜਪਣਾ ਆਦਿ ਆਪਦੀਆਂ ਬੇਸ਼ਕੀਮਤੀ ਸਿੱਖਿਆਵਾਂ ਵਿੱਚੋਂ ਕੁਝ ਹਨ। ਇਸਦੇ ਨਾਲ ਹੀ ਆਪਜੀ ਦੀ ਧੁਰਕੀ ਬਾਣੀ , ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਢਾਲਣ ਦਾ ਪੁਰਜ਼ੋਰ ਹੋਕਾ ਵੀ ਦਿੰਦੀ ਹੈ।

**ਧਰਮ ਨਿਰਪੱਖਤਾ ਦੇ ਇੱਕ ਪੱਖ ਉਪਰ ਚਾਨਣਾ ;–**

ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਅੰਦਰ ,ਪਵਿੱਤਰ ਬਾਣੀ ਕੇਵਲ ਸਿਖ ਗੁਰੂ ਸਾਹਿਬਾਨਾਂ ਦੁਆਰਾ ਰਚਿਤ ਬਾਣੀ ਹੀ ਨਹੀਂ ਸੁਭਾਇਮਾਨ ਕੀਤੀ ਗਈ , ਸਗੋਂ ਬਹੁਤ ਸਾਰੇ ਗੈਰ ਸਿੱਖ ਸਾਹਿਬਾਨਾਂ ਦੀ ਵੀ ਬਾਣੀ ਪੂਰੇ ਸਤਿਕਾਰ ਸਹਿਤ ਸੰਕਲਿਤ ਹੈ। ਮੈਂ ਇਨਾਂ ਸ਼੍ਰੋਮਣੀ ਬਾਣੀਆਂ ਦੇ ਰਚਨਾਕਾਰਾਂ ਵਿੱਚੋਂ ਭੱਟ ਸਾਹਿਬਾਨਾਂ ਦਾ ਜ਼ਿਕਰ ਕਰਨ ਜਾ ਰਹੀ ਹਾਂ।

**ਭੱਟ ਸਾਹਿਬਾਨ ;–** ਭੱਟ ਸਾਹਿਬਾਨ ਉਹ ਢਾਡੀ ਰਾਗੀ ਤੇ ਗਵੱਈਏ ਸਨ , ਜੋ ਮੱਧਕਾਲੀ ਮੰਨੇ ਜਾਂਦੇ ਹਨ। ਇਹ ਕਵੀਸ਼ਰ ਸ਼ੁਰੂਆਤ



ਵਿੱਚ ਰਾਜਿਆਂ, ਬਾਦਸ਼ਾਹਾਂ ਤੇ ਹੋਰ ਬਹਾਦੁਰ ਸ਼ਖ਼ਸੀਅਤਾਂ ਦੇ ਕਿੱਸੇ ਕਾਵਿ ਰੂਪ, ਵਿੱਚ ਗਾਇਆ ਕਰਦੇ ਸਨ ਤੇ ਆਪਣੇ ਪਰਿਵਾਰ ਦੀ ਰੋਜ਼ੀ ਰੋਟੀ ਚਲਾਉਂਦੇ ਸਨ । ਹੌਲੀ ਹੌਲੀ ਵਕਤ ਦੇ ਨਾਲ ਇਨਾਂ ਦਾ ਵਿਹਾਰ ਵੀ ਕਰਵਟ ਲੈਂਦਾ ਗਿਆ ਤੇ ਹੁਣ ਇਹਨਾਂ ਦੀ ਇਹ ਕਲਾ ਵਪਾਰ ਦੀ ਥਾਂ ਤੇ ਖਾਲਸ ਉਸਤਤ ਵੱਲ ਝੁਕ ਗਈ। ਵਰਨਣਯੋਗ ਹੈ ਕਿ, ਇਨਾਂ ਦਾ ਇਹ ਝੁਕਾਅ, ਸਿੱਖ ਗੁਰੂ ਸਾਹਿਬਾਨਾਂ ਦੀ ਮਹਾਨਤਾ ਤੇ ਵਡਿਆਈ ਦੀਆਂ ਪਈਆਂ ਧੁੰਮਾਂ,ਕਾਰਨ ਆਪਜੀ ਵੱਲ ਵਧਿਆ । ਇਹ ਖਿੱਚ ਕੇਵਲ ਲੋਕਾਂ ਕੋਲੋਂ ਸੁਣੀਆਂ ਸੁਣਾਈਆਂ ਵਡਿਆਈਆਂ ਕਾਰਨ ਹੀ ਨਹੀਂ ਪਈ , ਸਗੋਂ,ਜਦੋਂ ਭੱਟ ਸਾਹਿਬਾਨਾਂ ਨੇ ਆਪ ਗੁਰੂ ਜੀਆਂ ਦੇ ਸੱਚੇ ਸੁੱਚੇ ਤੇ ਉਚੇ ਵਿਚਾਰ ਤੇ ਬਾਣੀ ਸੁਣੀ , ਉਹ ਗੁਰੂ ਸਾਹਿਬਾਨਾਂ ਦੇ ਮੁਰੀਦ ਹੋ ਨਿਬੜੇ , ਉਨ੍ਹਾਂ ਦੀ ਉਸਤਤ ਦੇ ਹੀ ਹੋ ਕੇ ਰਹਿ ਗਏ । ਆਪਜੀ ਨੇ ਮਹਾਨ ਦਸ ਗੁਰੂ ਸਾਹਿਬਾਨਾਂ ਵਿੱਚੋਂ ਪਹਿਲੇ ਪੰਜ ਪਾਤਸ਼ਾਹਾਂ ਦੀ ਰਚਿਤ ਬਾਣੀ ਤੇ ਉਨਾਂ ਦੀ ਆਪਣੀ ਸੁਥਰੀ ਸ਼ਖ਼ਸੀਅਤ , ਜੋ ਕਿ ਧਰਮ ਤੇ ਸੱਚਾਈ ਦੇ ਨਾਲ ਨਾਲ ਦੁਨੀਆਂ ਲਈ ਪਵਿੱਤਰ ਸੋਚ ਤੇ ਸੇਵਾ ਭਾਵ ਵੀ ਰੱਖਦੀ ਸੀ, ਦਾ ਵਿਆਖਿਆਨ ਦਾ ਸੰਪੂਰਨ ਸ਼ਰਧਾ ਭਾਵਨਾ ਨਾਲ ਪ੍ਰਗਟਾਵਾ ਕੀਤਾ। ਭੱਟ ਸਾਹਿਬਾਨ ਬ੍ਰਹਮਣ ਸੰਪਰਦਾ ਨਾਲ ਸੰਬੰਧਿਤ ਸਨ । ਉਨਾਂ ਦੀ ਅਸਲੀ ਬ੍ਰਾਹਮਣ ਸੰਪਰਦਾ ਦੀ ਸ਼ਾਖਾ ਤੇ ਇਲਾਕੇ ਬਾਰੇ ਵੀ ਭ੍ਰਾਂਤੀਆਂ ਪਾਈਆਂ ਜਾਂਦੀਆਂ ਹਨ । ਕੋਈ ਇਨਾਂ ਨੂੰ ਉੱਤਰ /ਕਸ਼ਮੀਰ ਤੋਂ ਹਿਜਰਤ ਕਰਕੇ ਆਏ ਕਹਿੰਦਾ ਹੈ, ਤੇ ਕੋਈ ਭਾਰਤਵਰਸ਼ ਦੇ ਵੱਖ ਵੱਖ ਰਾਜਾਂ ਤੋਂ ਆਏ ਮੰਨਦਾ ਹੈ, ਕੋਈ ਗੌੜ ਬ੍ਰਾਹਮਣਾਂ ਤੇ ਕੋਈ,ਸਾਰਸਵਤਾਂ ਦੀ ਸ਼ਾਖਾ ਵਿੱਚੋਂ ਦੱਸਦਾ ਹੈ।, ਜੋ ਵੀ ਹੋਵੇ ਭੱਟ ਸਾਹਿਬਾਨਾਂ ਦਾ ਕਹਿਣਾ ਸੀ , ਗੁਰੂ ਪਾਤਸ਼ਾਹ ਇੱਕਜੋਤ ਹਨ , ਜਿਵੇਂ ਪਹਿਲੇ ਪਾਤਸ਼ਾਹ, ਗੁਰੂ ਨਾਨਕ ਦੇਵ ਸਾਹਿਬ ਜੀ ਦੀ ਜੋਤਿ,ਉਨਾਂ ਦੇ ਜੋਤਿ ਜੋਤਿ ਸਮਾਉਣ ਬਾਅਦ , ਇਸ ਲੜੀ ਦੇ ਦੂਸਰੇ ਨਾਨਕ, ਸਾਹਿਬ ਸ਼੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਅੰਦਰ ਸਮਾਅ ਗਈ (ਜੋ ਕਦੇ ਲਹਿਣਾ ਜੀ ਦੇ ਨਾਮ ਨਾਲ ਜਾਣੇ ਜਾਂਦੇ ਸਨ।)

ਅੱਜ ਕਲ ਇਨਾਂ ਭੱਟ ਸਾਹਿਬਾਨਾਂ ਦੀਆਂ ਅਜੋਕੀਆਂ ਪੀੜੀਆਂ, ਜ਼ਿਆਦਾਤਰ,ਪੰਜਾਬ ਦੇ ਇਲਾਕੇ, ਸੁਲਤਾਨ ਪੁਰ (ਕਪੂਰ ਥਲੇ ) , ਭਾਦਸੋਂ, ਲਾਂਡਰਾਂ, ਸਫੀਦੋਂ,ਤਲਉਂਦਾ (ਜੀਂਦ , ਹਰਿਆਣਾ) ਤੇ ਹਰਿਆਣੇ ਦੇ ਹੀ ਹੋਰ ਬਹੁਤ ਸਾਰੇ ਪਿੰਡਾਂ ਵਿੱਚ ਵੱਸ ਰਹੇ ਹਨ। ਇਨਾਂ ਪਰਿਵਾਰਾਂ ਨੇ ਆਪਣੀ ਪਹਿਚਾਣ ਸਦਕਾ ਆਪਣੇ ਵਡੇਰਿਆਂ ਦੁਆਰਾ ਲਿਖੀਆਂ ਵਹੀਆ ਸੰਭਾਲ ਕੇ ਰੱਖੀਆਂ ਹਨ ,ਜਿਨਾਂ ਵਿੱਚ ਉਨਾਂ ਦੁਆਰਾ ਲਿਖੀ ਬਾਣੀ ਦੇ ਖਰੜੇ ਅੱਜ ਵੀ ਮਿਲਦੇ ਹਨ ।

ਇਨਾਂ ਵਹੀਆਂ ਵਿੱਚ,ਉਨਾਂ ਭੱਟ ਸਾਹਿਬਾਨਾਂ ਦੁਆਰਾ, ਲੋਕਾਂ ਦੇ ਪੀੜੀ ਦਰ ਪੀੜੀ ਪਰਿਵਾਰਾਂ ਦਾ ਅੰਕਿਤ ਵੇਰਵਾ ਵੀ ਮਿਲਦਾ ਹੈ।

ਇਨਾਂ ਭੱਟ ਸਾਹਿਬਾਨਾਂ ,ਵਿਚ ਭੱਤਰਾ ਸਿੱਖ (ਜੋ ਅੱਗੇ ਚੱਲ ਕੇ ਬੱਤਰਾ ਸਿਖ ਕਹਿਲਾਏ ) ਤੇ ਬ੍ਰਹਮਣ ਸਿੱਖਾਂ ਦੇ ਤੌਰ ਤੇ ਵੀ ਜਾਣੇ ਜਾਂਦੇ ਹਨ । ਹੈਰਾਨ ਕਰਨ ਵਾਲੀ ਗੱਲ ਹੈ ਕਿ ਕਈ ,ਸਦੀਆਂ ਪਹਿਲਾਂ ਭੱਤਰਾ ਸਿੱਖਾਂ ਦਾ ਇੱਕ ਗਰੁੱਪ ਬਰਤਾਨੀਆ ਜਾ ਵੱਸਿਆ ਸੀ ,ਤੇ ਉਨਾਂ ਹੁਣ ਉਥੇ ਆਪਣੀ ਵਿਲੱਖਣ ਪਛਾਣ ਬਣਾ ਰੱਖੀ ਹੈ। ਭੱਟ ਸਾਹਿਬਾਨ ਕਵੀਸ਼ਰ ਤੇ ਢਾਡੀ ਹੋਣ ਦੇ ਨਾਲ ਨਾਲ,ਵਪਾਰ, ਜੋਤਿਸ਼ ਤੇ ਪਰਿਵਾਰਕ ਪੀੜੀਆਂ ਦਾ ਲੇਖਾ ਜੋਖਾ ਵੀ ਰੱਖਿਆ ਕਰਦੇ ਸਨ ।

**ਭੱਟ ਬਾਣੀ:–** ਇਥੇ ਲਿਖਣਾ ਲਾਜ਼ਮੀ ਹੈ ਕਿ ਭੱਟ ਸਾਹਿਬਾਨਾਂ ਨੇ ਸਵੱਈਇਆਂ ਦੇ ਰੂਪ ਵਿੱਚ, ਗੁਰਮੁਖੀ ਵਿੱਚ, ਗੁਰੂ ਨਾਨਕ ਦੇਵ ਜੀ ਮਹਾਰਾਜ, ਗੁਰੂ ਅੰਗਦ ਦੇਵ ਸਾਹਿਬ, ਗੁਰੂ ਅਮਰਦਾਸ ਜੀ ਮਹਾਰਾਜ, ਗੁਰੂ ਰਾਮਦਾਸ ਜੀ ਮਹਾਰਾਜ ਤੇ ਲੋਕਾਈ ਖਾਤਿਰ ਸ਼ਹਾਦਤ ਨੂੰ ਗਲੇ ਲਾਉਣ ਵਾਲੇ , ਧੰਨ ਗੁਰੂ ਗ੍ਰੰਥ ਸਾਹਿਬ ਦੀ ਆਦਿ ਗ੍ਰੰਥ ਦੇ ਤੌਰ ਤੇ ਸੰਪਾਦਨਾ ਕਰਨ ਵਾਲੇ, ਮਹਾਨ ਸ਼ਖ਼ਸੀਅਤ,ਧੰਨ ਗੁਰੂ ਅਰਜੁਨ ਦੇਵ ਜੀ ਮਹਾਰਾਜ ਦੀ ਪੂਰੀ ਦਿਲੋਂ ਉਸਤਤ ਕੀਤੀ ।

ਇਹ ਉਸਤਤ ਸਿਰਫ ਕੀਤੀ ਹੀ ਨਹੀਂ, ਸਗੋਂ ਲੋਕਾਈ ਵਿੱਚ ਗਾ ਕੇ ਗੁਰੂ ਜਨਾਂ ਦੇ ਦਰਸ਼ਨ ਦੀਦਾਰੇ ਕਰਨ ਤੇ ਕੀਰਤਨ,ਜਾਪ ਆਦਿ ਸੁਨਣ ਲਈ ਵੀ ਸੰਗਤਾਂ ਨੂੰ ਪ੍ਰੇਰਿਆ। ਇਸ ਤਰ੍ਹਾਂ ਦੂਰ ਦੁਰਾਡੇ ਤੱਕ ਸਿਖੀ ਤੇ ਸਿੱਖ ਗੁਰੂ ਸਾਹਿਬਾਨਾਂ ਦੀ ਚਰਚਾ ਹੋਣ ਲੱਗੀ,ਜਿਸ ਨਾਲ ਸੰਗਤਾਂ ਵਿੱਚ ਭਾਰੀ ਵਾਧਾ ਹੋਇਆ ਤੇ ਉਹ ਆਪਣੇ ਜੀਵਨ ਨੂੰ ਸਫਲਾ ਬਣਾਉਣ ਲਈ ਗੁਰੂ ਜੀਆਂ ਤੇ ਬਾਣੀ ਨਾਲ ਜੁੜਦੇ ਗਏ।

ਸ਼ਹਾਦਤ ਦੇ ਪੁੰਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜਵੀਂ ਜੋਤ ਨੇ ,ਜਿੱਥੇ ਆਦਿ ਗ੍ਰੰਥ ਸਾਹਿਬ ਵਿੱਚ ਅਨੇਕਾਂ ਭਗਤਾਂ ਤੇ ਪੀਰਾਂ ਫ਼ਕੀਰਾਂ ਦੀ ਬਾਣੀ ਨੂੰ ਸੁਸ਼ੋਭਿਤ ਕੀਤਾ, ਉਥੇ ਹੀ ਗਿਆਰਾਂ ਭੱਟ ਸਾਹਿਬਾਨਾਂ ਦੀ ਬਾਣੀ, ਸਵੱਈਇਆਂ ਦੇ ਰੂਪ ਵਿੱਚ ਵੀ ਆਦਰ ਸਹਿਤ ਦਰਜ ਕੀਤੀ ਤੇ ਇਸ ਸੰਪਰਦਾ ਨੂੰ ਵੀ ਅਮਰ ਕਰ ਦਿੱਤਾ। ਇਹ ਆਦਿ ਗ੍ਰੰਥ ਨੂੰ , ਕਲਗੀਧਰ , ਸਰਬੰਸ ਦਾਨੀ ,ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੁਆਰਾ , ਨੌਵੀਂ ਪਾਤਸ਼ਾਹੀ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ,ਇੱਕ ਸਲੋਕ ਨੂੰ ਸੁਸ਼ੋਭਿਤ ਕਰਨ ਉਪਰੰਤ ਗੁਰੂ ਦਾ ਦਰਜਾ ਦੇਕੇ "ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ" ਸਥਾਪਿਤ ਕਰ ਦਿੱਤਾ।


ਗੁਰੂ ਗ੍ਰੰਥ ਸਾਹਿਬ ਵਿੱਚ,ਭੱਟ ਸਾਹਿਬਾਨਾਂ ਦੇ ਨਾਮ ਤੇ ਗੁਰੂ ਸਾਹਿਬਾਨਾਂ ਨਮਿੱਤ ਉਨਾਂ ਦੇ ਸਵੱਈਇਆਂ ਦੀ ਗਿਣਤੀ, ਇਸ ਤਰਾਂ ਹੈ ;

ਭਾਈ ਕਲਸਹਾਰ ਜੀ ; ਗੁਰੂ ਨਾਨਕ ਦੇਵ ਜੀ ਦੀ ਉਸਤਤ ਵਿੱਚ –10, ਗੁਰੂ ਅੰਗਦ ਦੇਵ ਜੀ ਮਹਾਰਾਜ –ਦੇ 10, ਗੁਰੂ ਅਮਰਦਾਸ ਜੀ ਲਈ 9, ਗੁਰੂ ਰਾਮਦਾਸ ਸਾਹਿਬ ਦੇ 13, ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਉਸਤਤ ਵਿੱਚ 12, ਕੁੱਲ =54 ਸਵੱਈਏ । ਭਾਈ ਜਲਪ ਸਾਹਿਬ ; ਗੁਰੂ ਅਮਰਦਾਸ ਜੀ ਮਹਾਰਾਜ ਦੀ ਉਸਤਤ ਵਿੱਚ ਰਚਿਤ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 5=5 ਸਵੱਈਏ ।, ਭਾਈ ਕੀਰਤ ਜੀ ;--ਗੁਰੂ ਅਮਰਦਾਸ ਜੀ ਸਾਹਿਬ ਲਈ 4, ਗੁਰੂ ਰਾਮਦਾਸ ਸਾਹਿਬ ਲਈ 4 =8 । ਭੱਟ **ਸਾਹਿਬ ਜੀ;–** ਸ਼੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਮਿੱਤ 2 =2 ਸਵੱਈਏ , ਭਾਈ ਜੀ ਸੱਲ੍ਹ ਦੁਆਰਾ ,ਧੰਨ ਸ਼੍ਰੀ ਗੁਰੂ ਅਮਰਦਾਸ ਜੀ ਲਈ 1, ਸ਼੍ਰੀ ਗੁਰੂ ਰਾਮਦਾਸ ਸਾਹਿਬ ਲਈ 2=3, ਭਾਈ ਭੱਲ੍ਹ ਜੀ , ਸ਼੍ਰੀ ਗੁਰੂ ਅਮਰਦਾਸ ਜੀ =1, ਭਾਈ ਨੱਲ ਜੀ, ਗੁਰੂ ਰਾਮਦਾਸ ਜੀ ਦੀ ਉਸਤਤ ਵਿੱਚ 16 ਸਵੱਈਏ =16 ,ਭੱਟ ਸਾਹਿਬ, ਸ਼੍ਰੀ ਗਿਆਂਦ ਜੀ ਨੇ , ਗੁਰੂ ਰਾਮਦਾਸ ਜੀ ਨਮਿੱਤ, 13 =13 ਸਵੱਈਏ , ਸ਼੍ਰੀ ਮਥੁਰਾ ਜੀ , ਗੁਰੂ ਰਾਮਦਾਸ ਜੀ ਲਈ 7, ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ,7=14, ਸਵੱਈਏ, ਭਾਈ ਬੱਲ੍ਹ ਜੀ ਦੁਆਰਾ , ਸ਼੍ਰੀ ਗੁਰੂ ਰਾਮਦਾਸ ਜੀ ਨੂੰ ਸਮਰਪਿਤ 5=5, ਭੱਟ ਸਾਹਿਬ,ਹਰਬੰਸ ਜੀ, ਗੁਰੂ ਅਰਜਨ ਦੇਵ ਜੀ 2=2 ਸਵੱਈਏ,।

ਗੁਰੂ ਨਾਨਕ ਦੇਵ ਜੀ ਮਹਾਰਾਜ ਨਮਿੱਤ ਕੁੱਝ--10, ਗੁਰੂ ਅੰਗਦ ਦੇਵ ਜੀ -- 10 ਗੁਰੂ ਅਮਰਦਾਸ ਜੀ –22 ਗੁਰੂ ਰਾਮਦਾਸ ਜੀ ਨਮਿੱਤ -- 60 ਗੁਰੂ ਅਰਜਨਦੇ ਦੇਵ ਜੀ -- 21 = 123

ਸੋ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿੱਚ , ਧਰਮ ਨਿਰਪੱਖਤਾ ਦੇ ਸਿਧਾਂਤ ਦੀ ਰਾਖੀ ਕਰਦੇ ਹੋਏ , ਸ਼੍ਰੀ ਗੁਰੂ ਅਰਜਨ ਦੇਵ ਜੀ , ਪੰਜਵੇਂ ਪਾਤਸ਼ਾਹ ਨੇ , ਭੱਟ ਸਾਹਿਬਾਨਾਂ ਦੁਆਰਾ ਰਚਿਤ 123 , ਪਵਿੱਤਰ ਸਵੱਈਏ ਪੂਰਨ ਸਤਿਕਾਰ ਸਹਿਤ ਸੁਭਾਇਮਾਨ ਕੀਤੇ। ਧਰਮ ਨਿਰਪੱਖਤਾ ਦੀ ਕੁੱਲ ਜਹਾਨ ਵਿੱਚ ਅਜਿਹੀ ਦੂਜੀ ਉਦਾਹਰਣ ਲੱਭਣੀ ਦੁਰਲੱਭ ਹੈ।

ਨਰੇਸ਼ ਕੁਮਾਰੀ ਸ਼ਰਮਾ



+02041755894

## ਸਵਿਟਜ਼ਰਲੈਂਡ 'ਚ 'ਹਿਊਮਨ ਰਾਈਟਸ' ਦੀ 76ਵੀਂ ਵਰ੍ਹੇਗੰਢ ਮੌਕੇ ਸੰਮੇਲਨ ਦਾ ਆਯੋਜਨ







ਮਿਲਾਨ/ਇਟਲੀ - ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਵਿਸ਼ਵ ਵਿਆਪੀ ਸੰਸਥਾ "ਯੂਨੀਵਰਸਲ ਡਿਕਲੈਰੇਸ਼ਨ ਆਫ ਹਿਊਮਨ ਰਾਈਟਸ" (ਯੂ.ਡੀ.ਐੱਚ.ਆਰ.) 10 ਦਸੰਬਰ 1948 ਵਿੱਚ ਹੋਂਦ ਵਿੱਚ ਆਈ ਸੀ, ਜਿਸ ਲਈ ਵੱਖ-ਵੱਖ ਜੱਥੇਬੰਦੀਆਂ ਵੱਲੋਂ ਇਸ ਦੀ ਸਾਲਾਨਾ ਵਰ੍ਹੇਗੰਢ ਮੌਕੇ ਸਵਿਟਰਜ਼ਲੈਂਡ ਦੇ ਸ਼ਹਿਰ ਜਿਨੇਵਾ ਵਿਖੇ ਸੰਮੇਲਨ ਆਯੋਜਿਤ ਕੀਤਾ ਜਾਂਦਾ ਹੈ। ਇਸੇ ਤਹਿਤ ਇਸ ਸਾਲ 76ਵੀਂ ਵਰ੍ਹੇਗੰਢ ਮੌਕੇ ਹਿਊਮਨ ਰਾਈਟਸ ਦੇ ਮੁੱਖ ਦਫਤਰ ਵਿਖੇ ਸੰਮੇਲਨ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸ਼ਾਂਤੀ, ਸਾਂਝਾਕਰਨ ਅਤੇ ਸ਼ਮੂਲੀਅਤ ਲਈ ਇਕਜੁੱਟਤਾ, ਵਿਭਿੰਨਤਾ ਇੱਕ ਸਰੋਤ ਦੇ ਵਿਸ਼ੇ 'ਤੇ ਚਰਚਾ ਹੋਈ। ਸੰਮੇਲਨ ਦੀ ਸ਼ੁਰੂਆਤ ਦਰੀਤੀ ਉਮਾਨੀ ਅਤੇ ਲਾ ਟੋਲਰਾਂਸਾ ਐਸੋਸੀਏਸ਼ਨ (ਮਨੁੱਖੀ ਅਧਿਕਾਰ) ਇਟਲੀ ਦੀ ਮੁਖੀ ਫਿਉਰੈਲਾ ਚਿਰਕਿਆਰਾ ਦੁਆਰਾ ਕੀਤੀ ਗਈ। ਉਹਨਾਂ ਉਪਰੰਤ ਡਾ.ਮੈਰੀ ਜੋ ਕਿ ਹਿਊਮਨ ਰਾਈਟਸ ਇੰਟਰਨੈਸ਼ਨਲ ਦੇ ਯੂਥ ਵਿੰਗ ਦੇ ਮੁਖੀ ਹਨ, ਉਹਨਾਂ ਆਪਣੇ ਵਿਚਾਰ ਸਾਂਝੇ ਕੀਤੇ। ਸੰਮੇਲਨ ਦੌਰਾਨ ਸਿੱਖੀ ਸੇਵਾ ਸੁਸਾਇਟੀ ਇਟਲੀ ਤੋਂ ਸ:ਜਗਜੀਤ ਸਿੰਘ ਅਤੇ ਸ:ਗੁਰਸ਼ਰਨ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸ:ਗੁਰਸ਼ਰਨ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਿੱਖ ਧਰਮ ਸਮੁੱਚੀ ਮਨੁੱਖਤਾ ਨੂੰ ਆਪਣੇ ਗਲੇ ਲਗਾਉਂਦਾ ਹੈ। ਉਹਨਾਂ ਲੰਗਰ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਕਿ ਦੁਨੀਆ ਭਰ ਦੇ ਲੱਖਾਂ ਲੋਕ ਗੁਰਦੁਆਰਾ ਸਾਬਿਹ ਵਿਖੇ ਬਿਨਾਂ ਕਿਸੇ ਭੇਦ-ਭਾਵ ਦੇ ਲੰਗਰ ਛੱਕਦੇ ਹਨ। ਉਨ੍ਹਾਂ ਦਸਤਾਰ ਬਾਰੇ ਦੱਸਦਿਆਂ ਕਿਹਾ ਕਿ ਦਸਤਾਰ ਸਾਰੇ ਸਿੱਖਾਂ ਵੱਲੋਂ ਸਨਮਾਨ, ਮਾਣ ਅਤੇ ਸਮਾਨਤਾ ਪ੍ਰਤੀ ਵੱਚਨਬੱਧਤਾ ਦੇ ਪ੍ਰਤੀਕ ਵੱਜੋਂ ਸਜਾਈ ਜਾਂਦੀ ਹੈ। ਹਰ ਸਿੱਖ ਅਰਦਾਸ ਸਰਬੱਤ ਦੇ ਭਲੇ ਲਈ ਕਰਦਾ ਹੈ। ਇਸ ਸੰਮੇਲਨ ਵਿੱਚ ਯੂਰਪ ਦੇ ਹੋਰ ਮੁਲਕਾਂ ਦੇ ਨਾਲ-ਨਾਲ ਪੂਰੇ ਵਿਸ਼ਵ ਭਰ ਤੋਂ ਪ੍ਰਮੁੱਖ ਸ਼ਖਸ਼ੀਅਤਾਂ ਪਹੁੰਚੀਆਂ ਸਨ।

## ਸੰਸਦ 'ਚ ਮਹਾਦੋਸ਼ ਮਤਾ ਪਾਸ ਹੋਣ 'ਤੇ ਬੋਲੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ; ਕਦੇ ਹਾਰ ਨਹੀਂ ਮੰਨਾਂਗਾ



ਸਿਓਲ - ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ ਯੇਓਲ ਨੇ ਸੰਸਦ ਵਿੱਚ ਆਪਣੇ ਖਿਲਾਫ ਮਹਾਦੋਸ਼ ਮਤਾ ਪਾਸ ਹੋਣ 'ਤੇ ਸ਼ਨੀਵਾਰ ਨੂੰ ਕਿਹਾ ਕਿ ਉਹ "ਕਦੇ ਵੀ ਹਾਰ ਨਹੀਂ ਮੰਨਣਗੇ।" ਯੂਨ ਨੇ ਆਪਣੇ ਰਾਸ਼ਟਰਪਤੀ ਕਾਰਜਕਾਲ ਦੇ ਰਾਹ ਵਿੱਚ ਇਸ ਨੂੰ "ਅਸਥਾਈ" ਕਦਮ ਕਰਾਰ ਦਿੰਦੇ ਅਧਿਕਾਰੀਆਂ ਨੂੰ ਸਰਕਾਰ ਦੀਆਂ ਗਤੀਵਿਧੀਆਂ ਵਿੱਚ ਸਥਿਰਤਾ ਬਣਾਈ ਰੱਖਣ ਦਾ ਸੱਦਾ ਦਿੱਤਾ।

ਮਹਾਦੋਸ਼ ਪ੍ਰਸਤਾਵ 'ਤੇ ਸੰਸਦ (ਨੈਸ਼ਨਲ ਅਸੈਂਬਲੀ) 'ਚ ਵੋਟਿੰਗ ਹੋਈ, ਜਿਸ ਦੇ ਸਮਰਥਨ 'ਚ 204, ਜਦੋਂਕਿ ਇਸ ਦੇ ਖਿਲਾਫ 85 ਵੋਟਾਂ ਪਈਆਂ। ਨੈਸ਼ਨਲ ਅਸੈਂਬਲੀ ਵੱਲੋਂ ਇਸ ਮਹੀਨੇ ਮਾਰਸ਼ਲ ਲਾਅ ਲਾਗੂ ਕਰਨ ਦੇ ਹੁਕਮਾਂ 'ਤੇ ਮਹਾਦੋਸ਼ ਚਲਾਉਣ ਲਈ ਇਕ ਮਤਾ ਪਾਸ ਕਰਨ ਤੋਂ ਬਾਅਦ ਯੂਨ ਨੇ ਆਪਣੇ ਦਫ਼ਤਰ ਰਾਹੀਂ ਇਹ ਬਿਆਨ ਜਾਰੀ ਕੀਤਾ ਹੈ।

'ਥੋੜ੍ਹੇ ਸਮੇਂ ਦੇ ਮਾਰਸ਼ਲ ਲਾਅ'ਨੇ ਤਾਨਾਸ਼ਾਹ ਨੇਤਾਵਾਂ ਦੇ ਉਸ ਦੌਰ ਦੀ ਯਾਦ ਦਿਵਾ ਦਿੱਤੀ, ਜਿਸ ਨੂੰ ਦੇਸ਼ ਨੇ 1980 ਤੋਂ ਬਾਅਦ ਹੁਣ ਤੱਕ ਨਹੀਂ ਦੇਖਿਆ ਸੀ। ਸੰਸਦੀ ਵੋਟ ਰਾਸ਼ਟਰਪਤੀ ਦੇ ਤੌਰ 'ਤੇ ਉਨ੍ਹਾਂ ਦੀਆਂ ਸ਼ਕਤੀਆਂ ਨੂੰ ਮੁਅੱਤਲ ਕਰਦੀ ਹੈ। ਉਨ੍ਹਾਂ ਨੂੰ ਸੰਵਿਧਾਨਕ ਅਦਾਲਤ ਦੇ ਫੈਸਲੇ ਦਾ ਇੰਤਜ਼ਾਰ ਹੈ, ਜੋ ਇਹ ਤੈਅ ਕਰੇਗਾ ਕਿ ਉਨ੍ਹਾਂ ਨੂੰ ਰਸਮੀ ਤੌਰ 'ਤੇ ਅਹੁਦੇ ਤੋਂ ਹਟਾਉਣਾ ਹੈ ਜਾਂ ਨਹੀਂ। ਯੂਨ ਨੇ 3 ਦਸੰਬਰ ਨੂੰ ਦੇਸ਼ 'ਚ ਮਾਰਸ਼ਲ ਲਾਅ ਲਗਾਉਣ ਦਾ ਹੁਕਮ ਦਿੱਤਾ ਸੀ, ਜਿਸ ਕਾਰਨ ਦੇਸ਼ 'ਚ ਸਿਆਸੀ ਉਥਲ-ਪੁਥਲ ਮਚ ਗਈ। ਅਧਿਕਾਰੀ ਉਨ੍ਹਾਂ ਵਿਰੁੱਧ ਬਗਾਵਤ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਹਨ।

ਅਦਾਲਤ ਕੋਲ ਇਹ ਫੈਸਲਾ ਕਰਨ ਲਈ 180 ਦਿਨ ਦਾ ਸਮਾਂ ਹੈ ਕਿ ਯੂਨ ਨੂੰ ਰਾਸ਼ਟਰਪਤੀ ਅਹੁਦੇ ਤੋਂ ਹਟਾਇਆ ਜਾਵੇ ਜਾਂ ਨਹੀਂ। ਜੇਕਰ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾਂਦਾ ਹੈ ਤਾਂ 60 ਦਿਨਾਂ ਦੇ ਅੰਦਰ ਆਮ ਚੋਣਾਂ ਕਰਾਉਣੀਆਂ ਪੈਣਗੀਆਂ। ਇਹ ਦੂਜੀ ਵਾਰ ਹੈ ਜਦੋਂ ਸੰਸਦ ਨੇ ਯੂਨ ਦੇ ਖਿਲਾਫ ਮਹਾਦੋਸ਼ ਮਤੇ 'ਤੇ ਵੋਟਿੰਗ ਕੀਤੀ ਹੈ। ਬੀਤੇ ਸ਼ਨੀਵਾਰ ਨੂੰ ਸੱਤਾਧਾਰੀ ਪਾਰਟੀ ਦੇ ਜ਼ਿਆਦਾਤਰ ਸੰਸਦ ਮੈਂਬਰਾਂ ਨੇ ਵੋਟਿੰਗ ਦਾ ਬਾਈਕਾਟ ਕੀਤਾ ਸੀ, ਜਿਸ ਕਾਰਨ ਯੂਨ ਨੂੰ ਕੁਝ ਰਾਹਤ ਮਿਲੀ ਸੀ।

ਸੱਤਾਧਾਰੀ ਪੀਪਲ ਪਾਵਰ ਪਾਰਟੀ ਦੇ ਕੁਝ ਸੰਸਦ ਮੈਂਬਰਾਂ ਨੇ ਫਿਰ ਕਿਹਾ ਕਿ ਉਹ ਦੂਜੀ ਵਾਰ ਵੋਟਿੰਗ ਵਿੱਚ ਹਿੱਸਾ ਲੈਣਗੇ। ਯੂਨ ਦੇ ਮਾਰਸ਼ਲ ਲਾਅ ਲਗਾਉਣ ਦੇ ਆਦੇਸ਼ ਦੇ ਖਿਲਾਫ ਦੱਖਣੀ ਕੋਰੀਆ ਵਿੱਚ ਵਿਰੋਧ ਪ੍ਰਦਰਸ਼ਨ ਤੇਜ਼ ਹੋ ਗਏ, ਜਦੋਂ ਕਿ ਉਨ੍ਹਾਂ ਦੀ ਪ੍ਰਸਿੱਧੀ ਵਿੱਚ ਵੀ ਕਾਫ਼ੀ ਗਿਰਾਵਟ ਆਈ। ਪਿਛਲੇ ਦੋ ਹਫ਼ਤਿਆਂ ਤੋਂ ਹਰ ਰਾਤ, ਹਜ਼ਾਰਾਂ ਲੋਕ ਕੜਾਕੇ ਦੀ ਠੰਡ ਦਾ ਸਾਹਮਣਾ ਕਰਦੇ ਹੋਏ ਰਾਜਧਾਨੀ ਸਿਓਲ ਦੀਆਂ ਸੜਕਾਂ 'ਤੇ ਉਤਰੇ ਹੋਏ ਹਨ ਅਤੇ ਯੂਨ ਨੂੰ ਅਹੁਦੇ ਤੋਂ ਹਟਾਉਣ ਅਤੇ ਗ੍ਰਿਫਤਾਰ ਕਰਨ ਦੀ ਮੰਗ ਕਰ ਰਹੇ ਹਨ।






# ਸ਼ੰਭੂ ਬਾਰਡਰ ‘ਤੇ ਵਿਗੜਿਆ ਮਾਹੌਲ, ਕਿਸਾਨਾਂ ‘ਤੇ ਦਾਗੇ ਗਏ ਹੰਝੂ ਗੈਸ ਦੇ ਗੋਲੇ

ਪਟਿਆਲਾ/ਹਰਿਆਣਾ- ਦਿੱਲੀ ਵੱਲ ਕੂਚ ਕਰ ਰਹੇ ਕਿਸਾਨਾਂ ਨੂੰ ਲੈ ਕੇ ਸ਼ੰਭੂ ਬਾਰਡਰ ‘ਤੇ ਮਾਹੌਲ ਕਾਫ਼ੀ ਗਰਮਾ ਗਿਆ ਗਿਆ ਹੈ। ਕਰੀਬ ਅੱਧੇ ਘੰਟੇ ਤੱਕ ਪੁਲਸ ਨਾਲ ਬਹਿਸ ਤੋਂ ਬਾਅਦ ਕਿਸਾਨਾਂ ਨੇ ਬੈਰੀਕੇਡਿੰਗ ਤੋੜਨ ਦੀ ਕੋਸ਼ਿਸ਼ ਕੀਤੀ। ਇਸ ਦੇ ਬਾਅਦ ਕਿਸਾਨਾਂ ਨੂੰ ਖਦੇੜਨ ਲਈ ਪੁਲਸ ਵੱਲੋਂ ਹੰਝੂ ਗੈਸ ਦੇ ਗੋਲੇ ਛੱਡਦੇ ਹੋਏ ਵਾਟਰ ਕੈਨਨ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਦੌਰਾਨ 9 ਕਿਸਾਨ ਜ਼ਖ਼ਮੀ ਹੋਏ ਹਨ। ਜ਼ਿਕਰਯੋਗ ਹੈ ਕਿ ਹਰਿਆਣਾ-ਪੰਜਾਬ ਦੇ ਸ਼ੰਭੂ ਬਾਰਡਰ ਤੋਂ 101 ਕਿਸਾਨ ਦੁਪਹਿਰ 12 ਵਜੇ ਦਿੱਲੀ ਲਈ ਰਵਾਨਾ ਹੋਏ। ਪੁਲਸ ਉਨ੍ਹਾਂ ਨੂੰ ਘੱਗਰ ਨਦੀ ‘ਤੇ ਬਣੇ ਪੁਲ ‘ਤੇ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਕਿਸਾਨਾਂ ਦਾ ਦੋਸ਼ ਹੈ ਕਿ ਪੁਲਸ ਰਾਕੇਟ ਲਾਂਚਰ ਨਾਲ ਬੰਬ-ਗੋਲੀਆਂ ਚਲਾ ਰਹੀ ਹੈ।


ਘੱਗਰ ਨਦੀ ਦਾ ਗੰਦਾ ਪਾਣੀ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਮਾਰਚ ਦੇ ਮੱਦੇਨਜ਼ਰ ਹਰਿਆਣਾ ਸਰਕਾਰ ਨੇ ਅੰਬਾਲਾ ਜ਼ਿਲ੍ਹੇ ਦੇ 12 ਪਿੰਡਾਂ ਵਿਚ ਇੰਟਰਨੈੱਟ ਬੈਨ ਦੀ 18 ਦਸੰਬਰ ਤੱਕ ਮਿਆਦ ਵਧਾ ਦਿੱਤੀ ਹੈ। ਉਥੇ ਹੀ ਖਨੌਰੀ ਬਾਰਡਰ ‘ਤੇ ਸੰਯੁਕਤ ਕਿਸਾਨ ਮੋਰਚਾ ਦੇ



ਨੇਤਾ ਜਗਜੀਤ ਸਿੰਘ ਡੱਲੇਵਾਲ ਲਗਾਤਾਰ 19ਵੇਂ ਦਿਨ ਭੁੱਖ ਹੜਤਾਲ ‘ਤੇ ਬੈਠੇ ਹੋਏ ਹਨ। ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਡੱਲੇਵਾਲ ਦੀ ਸਿਹਤ ਨੂੰ ਲੈ ਕੇ ਪੂਰਾ ਦੇਸ਼ ਚਿੰਤਾ ਵਿਚ ਹੈ ਪਰ ਦੇਸ਼ ਦੇ ਪ੍ਰਧਾਨ ਮੰਤਰੀ ਨਹੀਂ।



# ਪ੍ਰਿਯੰਕਾ ਗਾਂਧੀ ਤੇ ਕਈ ਹੋਰ ਸੰਸਦ ਮੈਂਬਰਾਂ ਨੇ ਸੰਸਦ ਕੰਪਲੈਕਸ ‘ਚ ਕੀਤਾ ਪ੍ਰਦਰਸ਼ਨ




ਨਵੀਂ ਦਿੱਲੀ- ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਕੇਰਲ ਦੇ ਕਈ ਹੋਰ ਮੈਂਬਰਾਂ ਨੇ ਸ਼ਨੀਵਾਰ ਨੂੰ ਵਾਇਨਾਡ ਦੀ ਜ਼ਮੀਨ ਖਿਸਕਣ ਤ੍ਰਾਸਦੀ ਦੇ ਪੀੜਤਾਂ ਲਈ ਰਾਹਤ ਪੈਕੇਜ ਦੀ ਮੰਗ ਨੂੰ ਲੈ ਕੇ ਸੰਸਦ ਕੰਪਲੈਕਸ ‘ਚ ਪ੍ਰਦਰਸ਼ਨ ਕੀਤਾ। ਸੰਸਦ ਭਵਨ ਦੇ ‘ਮਕਰ ਦੁਆਰ’ ਨੇੜੇ ਪ੍ਰਿਯੰਕਾ ਗਾਂਧੀ ਅਤੇ ਕਈ ਹੋਰ ਸੰਸਦ ਮੈਂਬਰ ਇਕੱਠੇ ਹੋਏ ਅਤੇ ‘ਵਾਇਨਾਡ ਨਾਲ ਭੇਦਭਾਵ ਬੰਦ ਕਰੋ’ ਦੇ ਨਾਅਰੇ ਲਗਾਏ। ਵਾਇਨਾਡ ਤੋਂ ਲੋਕ ਸਭਾ ਮੈਂਬਰ ਪ੍ਰਿਯੰਕਾ ਗਾਂਧੀ ਨੇ ਕਿਹਾ,’’ਸਰਕਾਰ ਵਾਇਨਾਡ ਨੂੰ ਵਿਸ਼ੇਸ਼ ਪੈਕੇਜ ਦੇਣ ਤੋਂ ਇਨਕਾਰ ਕਰ ਰਹੀ ਹੈ। ਅਸੀਂ ਗ੍ਰਹਿ ਮੰਤਰੀ (ਅਮਿਤ ਸ਼ਾਹ) ਨੂੰ ਅਪੀਲ ਕੀਤੀ ਹੈ ਅਤੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ ਹੈ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ‘ਚ ਵੀ ਵੱਡੇ ਪੈਮਾਨੇ ‘ਤੇ ਤਬਾਹੀ ਹੋਈ ਹੈ ਅਤੇ ਉਹ ਵੀ ਕੇਂਦਰ ਤੋਂ ਮਦਦ ਮੰਗ ਰਹੇ ਹਨ।‘’ ਉਨ੍ਹਾਂ ਨੇ ਦੋਸ਼ ਲਗਾਇਆ ਕਿ ਇਨ੍ਹਾਂ ਦੋਹਾਂ ਮਾਮਲਿਆਂ ‘ਚ ਕੇਂਦਰ ਸਰਕਾਰ ਰਾਜਨੀਤਕ ਕਾਰਨਾਂ ਕਰ ਕੇ ਪੀੜਤਾਂ ਨੂੰ ਉਨ੍ਹਾਂ ਦੀ ਉੱਚਿਤ ਮਦਦ ਤੋਂ ਵਾਂਝੇ ਕਰ ਰਹੀ ਹੈ। ਪ੍ਰਿਯੰਕਾ ਨੇ ਕਿਹਾ,’’ਭਾਰਤ ਦੇ ਨਾਗਰਿਕ ਹੋਣ ਦੇ ਨਾਤੇ ਸਾਰੇ ਸਮਾਨ ਰਵੱਈਏ ਦੇ ਯੋਗ ਹਨ ਅਤੇ ਕੁਦਰਤੀ ਆਫ਼ਤਾਂ ਨੂੰ ਲੈ ਕੇ ਕੋਈ ਭੇਦਭਾਵ ਨਹੀਂ ਹੋਣਾ ਚਾਹੀਦਾ।‘’ ਪ੍ਰਿਯੰਕਾ ਗਾਂਧੀ ਵਾਡਰਾ ਨੇ ਇਸੇ ਮੁੱਦੇ ‘ਤੇ ਪਿਛਲੇ ਦਿਨੀਂ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਸੀ। ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਵੀਰਵਾਰ ਨੂੰ ਲੋਕ ਸਭਾ ‘ਚ ਕਿਹਾ ਸੀ ਕਿ ਵਿਰੋਧੀ ਦਲਾਂ ਨੂੰ ਵਾਇਨਾਡ ਦੀ ਜ਼ਮੀਨ ਖਿਸਕਣ ਤ੍ਰਾਸਦੀ ‘ਤੇ ਰਾਜਨੀਤੀ ਨਹੀਂ ਕਰਨੀ ਚਾਹੀਦੀ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਇਸ ਹਾਦਸੇ ਤੋਂ ਬਾਅਦ ਸੰਵੇਦਨਸ਼ੀਲ ਸੀ ਅਤੇ ਉਸ ਨੇ ਰਾਜ ਨੂੰ ਪੂਰੀ ਮਦਦ ਉਪਲੱਬਧ ਕਰਵਾਈ। ਰਾਏ ਨੇ ਸਦਨ ‘ਚ ‘ਕੁਦਰਤੀ ਪ੍ਰਬੰਧਨ (ਸੋਧ) ਬਿੱਲ, 2024’ ‘ਤੇ ਚਰਚਾ ਦਾ ਜਵਾਬ ਦਿੰਦੇ ਹੋਏ ਇਹ ਵੀ ਕਿਹਾ ਸੀ ਕਿ ਵਿਰੋਧੀ ਧਿਰ ਨੂੰ ਮੋਦੀ ਸਰਕਾਰ ਦੇ ਸਹਿਯੋਗ ਨੂੰ ਸਵੀਕਾਰ ਕਰਨਾ ਚਾਹੀਦਾ।

CHEAP CLEANING



Cheap Lawn Mowing
Gardening
House Cleaning

For Free quote call
0204915760

# PM ਮੋਦੀ ਨੇ ਰਾਜ ਕਪੂਰ ਦੀ 100ਵੀਂ ਜਯੰਤੀ ‘ਤੇ ਭੇਟ ਕੀਤੀ ਸ਼ਰਧਾਂਜਲੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿਚਰਵਾਰ ਨੂੰ ਮਹਾਨ ਅਭਿਨੇਤਾ-ਫ਼ਿਲਮ ਨਿਰਮਾਤਾ ਰਾਜ ਕਪੂਰ ਨੂੰ ਉਨ੍ਹਾਂ ਦੀ 100ਵੀਂ ਜਯੰਤੀ ‘ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਨੂੰ ਸਦਾਬਹਾਰ ਸ਼ੋਅਮੈਨ ਦੱਸਿਆ। ਪ੍ਰਧਾਨ ਮੰਤਰੀ ਮੋਦੀ ਨੇ ਐਕਸ ‘ਤੇ ਲਿਖਿਆ,’’ਅੱਜ ਅਸੀਂ ਮਹਾਨ, ਦੂਦਾਰਸ਼ੀ ਫ਼ਿਲਮਕਾਰ, ਅਭਿਨੇਤਾ ਤੇ ਸਦਾਬਹਾਰ ਸ਼ੋਅਮੈਨ ਰਾਜ ਕਪੂਰ ਦੀ 100ਵੀਂ ਜਯੰਤੀ ਮਨਾਉਣ ਜਾ ਰਹੇ ਹਾਂ! ਪੀੜ੍ਹੀਆਂ ਤਕ ਫ਼ੈਲੀ ਉਨ੍ਹਾਂ ਦੀ ਪ੍ਰਤਿਭਾ ਨੇ ਭਾਰਤੀ ਅਤੇ ਵਿਸ਼ਵ ਸਿਨੇਮਾ ‘ਤੇ ਅਮਿੱਟ ਛਾਪ ਛੱਡੀ ਹੈ।“ ਦੱਸ ਦਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ‘ਚ ਕਪੂਰ ਪਰਿਵਾਰ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ਸੀ। ਅੱਜ ਦੇ ਦਿਨ 1924 ‘ਚ ਅਣਵੰਡੇ ਭਾਰਤ ‘ਚ ਜਨਮੇ ਕਪੂਰ ਦਿਗਜ਼ ਅਭਿਨੇਤਾ ਪ੍ਰਿਥਵੀਰਾਜ ਕਪੂਰ ਦੇ ਪੁੱਤਰ ਸਨ।


ਰਾਜ ਕਪੂਰ ਨਾ ਸਿਰਫ਼ ਇਕ ਸਫ਼ਲ ਅਭਿਨੇਤਾ ਸੀ ਬਲਕਿ ਹਿੰਦੀ ਫ਼ਿਲਮ ਸਿਨੇਮਾ ਦੇ ਮਹਾਨ ਫ਼ਿਲਮ ਨਿਰਮਾਤਾਵਾਂ ‘ਚੋਂ ਇਕ ਸੀ।

# ਆਪਸੀ ਗੱਲਬਾਤ ਨਾਲ ਸੁਲਝੇਗਾ ਕੰਗਨਾ- ਜਾਵੇਦ ਅਖ਼ਤਰ ਦਾ ਕੇਸ

ਨਵੀਂ ਦਿੱਲੀ- ਜਾਵੇਦ ਅਖ਼ਤਰ ਅਤੇ ਕੰਗਨਾ ਰਣੌਤ ਵਿਚਾਲੇ ਕਾਫੀ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਦੋਵਾਂ ਵਿਚਾਲੇ ਇਹ ਵਿਵਾਦ ਖਤਮ ਨਹੀਂ ਹੋ ਰਿਹਾ ਹੈ। ਹੁਣ ਅਦਾਲਤ ਨੇ ਵਿਚੋਲਗੀ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਸਬੰਧੀ ਦੋਵਾਂ ਧਿਰਾਂ ਵਿਚਾਲੇ ਮੀਟਿੰਗ 21 ਜਨਵਰੀ 2025 ਨੂੰ ਹੋਵੇਗੀ। ਇਸ ਉਮੀਦ ਨਾਲ ਕਿ ਵਿਚੋਲਗੀ ਰਾਹੀਂ ਮਾਮਲਾ ਸਫਲਤਾਪੂਰਵਕ ਹੱਲ ਹੋ ਜਾਵੇਗਾ।ਸੰਸਦ ਮੈਂਬਰ ਕੰਗਨਾ ਰਣੌਤ ਅਤੇ ਜਾਵੇਦ ਅਖ਼ਤਰ ਨੇ ਵਿਚੋਲਗੀ ਲਈ ਅਦਾਲਤ ਨੂੰ ਅਪੀਲ ਕੀਤੀ ਸੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ ਹੈ। ਹੁਣ ਗੀਤਕਾਰ ਜਾਵੇਦ ਅਖ਼ਤਰ ਅਤੇ ਕੰਗਨਾ ਇਸ ਮਾਮਲੇ ਨੂੰ ਆਪਸੀ ਗੱਲਬਾਤ ਰਾਹੀਂ ਹੱਲ ਕਰਨਗੇ। ਲੇਖਕ ਨੇ ਅਦਾਕਾਰਾ ਕੰਗਨਾ ਰਣੌਤ ਦੇ ਖਿਲਾਫ ਝੂਠੇ ਦੋਸ਼ਾਂ ਲਈ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਦੋਵਾਂ ਕਲਾਕਾਰਾਂ ਵਿਚਾਲੇ ਵਿਵਾਦ ਸ਼ੁਰੂ ਹੋਏ ਕਰੀਬ 5 ਸਾਲ ਹੋ ਗਏ ਹਨ।


ਜਾਵੇਦ ਅਖ਼ਤਰ ਦੀ ਸ਼ਿਕਾਇਤ 'ਤੇ ਅੰਧੇਰੀ ਮੈਜਿਸਟ੍ਰੇਟ ਕੋਰਟ 'ਚ ਸੁਣਵਾਈ ਚੱਲ ਰਹੀ ਸੀ। ਇਸ ਦੇ ਨਾਲ ਹੀ ਕੰਗਨਾ ਰਣੌਤ ਦੇ ਮੰਡੀ ਦੀ ਸੰਸਦ ਮੈਂਬਰ ਬਣਨ ਤੋਂ ਬਾਅਦ ਇਹ ਮਾਮਲਾ ਸੰਸਦ ਮੈਂਬਰਾਂ ਦੀ ਵਿਸ਼ੇਸ਼ ਅਦਾਲਤ, ਬਾਂਦਰਾ ਨੂੰ ਟਰਾਂਸਫਰ ਕਰ ਦਿੱਤਾ ਗਿਆ ਸੀ। ਮਾਮਲੇ ਦੀ ਸੁਣਵਾਈ ਸ਼ੁਰੂ ਵੀ ਨਹੀਂ ਹੋਈ ਸੀ ਕਿ ਜਾਵੇਦ ਅਤੇ ਕੰਗਨਾ ਦੇ ਵਕੀਲਾਂ ਨੇ ਦੱਸਿਆ ਕਿ ਦੋਵਾਂ ਵਿਚਾਲੇ ਸਮਝੌਤੇ ਦੀ ਗੱਲਬਾਤ ਚੱਲ ਰਹੀ ਹੈ।

ਇਸ ਤੋਂ ਬਾਅਦ ਕੇਸ ਨੂੰ 9 ਦਸੰਬਰ ਨੂੰ ਸਪੈਸ਼ਲ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ। ਹਾਲਾਂਕਿ, ਇੱਥੇ ਵੀ ਚੀਜ਼ਾਂ ਦਾ ਹੱਲ ਨਹੀਂ ਹੋ ਸਕਿਆ। ਵਕੀਲ ਨੇ ਜੱਜ ਤੋਂ ਵਿਚੋਲਗੀ ਦੀ ਮੰਗ ਕੀਤੀ, ਜਿਸ ਨੂੰ ਮੈਜਿਸਟ੍ਰੇਟ ਨੇ ਸਵੀਕਾਰ ਕਰ ਲਿਆ। ਇਕ ਰਿਪੋਰਟ ਮੁਤਾਬਕ ਇਸ ਸਬੰਧੀ ਦੋਵਾਂ ਧਿਰਾਂ ਵਿਚਾਲੇ ਮੀਟਿੰਗ ਹੋਵੇਗੀ ਅਤੇ ਮੈਜਿਸਟਰੇਟ ਉਸੇ ਦਿਨ (21 ਜਨਵਰੀ, 2025) ਨੂੰ ਸੁਣਵਾਈ ਕਰਨਗੇ। ਦਰਅਸਲ, ਜਾਵੇਦ ਅਖਤਰ ਨੇ ਰਣੌਤ ਦੇ ਖਿਲਾਫ ਮੁੰਬਈ ਦੀ ਇੱਕ ਅਦਾਲਤ ਵਿੱਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਉਸ ਨੇ ਦੋਸ਼ ਲਾਇਆ ਸੀ ਕਿ 2020 ਵਿੱਚ ਇੱਕ ਟੀਵੀ ਇੰਟਰਵਿਊ ਦੌਰਾਨ ਕੰਗਨਾ ਨੇ ਉਸ ਬਾਰੇ ਝੂਠੇ ਅਤੇ ਅਪਮਾਨਜਨਕ ਬਿਆਨ ਦਿੱਤੇ ਸਨ। ਅਖਤਰ ਨੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 499 ਅਤੇ 500 ਦੇ ਤਹਿਤ ਮਾਮਲਾ ਦਰਜ ਕੀਤਾ ਸੀ।

ਦੱਸ ਦੇਈਏ ਕਿ ਮੁੰਬਈ ਪੁਲਸ ਨੇ ਇਸ ਮਾਮਲੇ ਨੂੰ ਲੈ ਕੇ ਕੰਗਨਾ ਨੂੰ ਸੰਮਨ ਕੀਤਾ ਸੀ। ਪਰ ਅਦਾਕਾਰਾ ਪੇਸ਼ ਨਹੀਂ ਹੋ ਸਕੀ। ਇਸ ਤੋਂ ਬਾਅਦ ਪੁਲਸ ਨੇ ਜ਼ਮਾਨਤੀ ਵਾਰੰਟ ਜਾਰੀ ਕੀਤਾ। ਅਭਿਨੇਤਰੀ ਨੇ ਇਸ ਮਾਮਲੇ ਨੂੰ ਰੱਦ ਕਰਨ ਲਈ ਬੰਬੇ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ। ਹਾਲਾਂਕਿ ਅਦਾਲਤ ਨੇ ਉਨ੍ਹਾਂ ਦੀ ਪਟੀਸ਼ਨ ਵੀ ਖਾਰਜ ਕਰ ਦਿੱਤੀ ਸੀ।

# ਦਿਲਜੀਤ ਦੋਸਾਂਝ ਅੱਜ ਚੰਡੀਗੜ੍ਹ 'ਚ ਲਗਾਉਣਗੇ ਰੌਣਕਾਂ



ਚੰਡੀਗੜ੍ਹ- ਚੰਡੀਗੜ੍ਹ ਦੇ ਸੈਕਟਰ 34 'ਚ 14 ਦਸੰਬਰ ਯਾਨੀ ਅੱਜ ਦਿਲਜੀਤ ਦੋਸਾਂਝ ਸ਼ੋਅ ਕਰਨਗੇ। ਗਾਇਕ ਇਨੀ ਦਿਨੀਂ ਦਿਲ ਲੁਮਿਨਾਟੀ ਟੂਰ 'ਤੇ ਹਨ। ਭਾਰੀ ਵਿਰੋਧ ਅਤੇ ਟ੍ਰੈਫਿਕ ਵਿਵਸਥਾ 'ਤੇ ਉੱਠ ਰਹੇ ਸਵਾਲਾਂ ਦੇ ਮੱਦੇਨਜ਼ਰ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਡੀਸੀ ਨਿਸ਼ਾਂਤ ਕੁਮਾਰ ਯਾਦਵ ਨੇ ਐਸਐਸਪੀ ਅਤੇ ਟਰੈਫਿਕ ਐਸਐਸਪੀ ਨਾਲ ਮੀਟਿੰਗ ਕੀਤੀ ਅਤੇ ਭੀੜ ਪ੍ਰਬੰਧਨ ਅਤੇ ਸਥਾਨ ਦੇ ਖਾਕੇ ਬਾਰੇ ਚਰਚਾ ਕੀਤੀ। ਇਹ ਵੀ ਕਿਹਾ ਗਿਆ ਹੈ ਕਿ ਸੈਕਟਰ-34 ਦੇ ਮੇਲਾ ਗਰਾਊਂਡ ਵਿੱਚ ਭਵਿੱਖ ਵਿੱਚ ਅਜਿਹੇ ਵੱਡੇ ਸਮਾਗਮ ਨਹੀਂ ਹੋਣ ਦਿੱਤੇ ਜਾਣਗੇ।

ਦੱਸ ਦਈਏ ਕਿ ਇਸ ਸ਼ੋਅ ਨੂੰ ਲੈ ਕੇ ਐਡਵਾਇਜ਼ਰੀ ਵੀ ਜਾਰੀ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸ਼ੋਅ ਖ਼ਿਲਾਫ ਪਟੀਸ਼ਨ ਦਾਇਰ ਕੀਤੀ ਗਈ ਸੀ ਅਤੇ ਸ਼ੋਅ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਸੀ ਪਰ ਚੀਫ਼ ਜਸਟਿਸ ਦੀ ਅਗਵਾਈ ਵਾਲੀ ਡਿਵੀਜ਼ਨ ਬੈਂਚ ਨੇ ਮਾਮਲੇ ਦੀ ਸੁਣਵਾਈ ਕੀਤੀ ਅਤੇ ਅਦਾਲਤ ਨੇ ਸ਼ੋਅ ਨੂੰ ਹਰੀ ਝੰਡੀ ਦੇ ਦਿੱਤੀ ਸੀ। ਹਾਈਕੋਰਟ ਨੇ ਕੁਝ ਸ਼ਰਤਾਂ ਤਹਿਤ ਸ਼ੋਅ ਕਰਵਾਉਣ ਦੀ ਇਜਾਜ਼ਤ ਦੇ ਦਿੱਤੀ ਹੈ।

# ਦਿਲਜੀਤ ਦੋਸਾਂਝ ਨੇ CM ਮਾਨ ਨਾਲ ਕੀਤੀ ਮੁਲਾਕਾਤ



ਚੰਡੀਗੜ੍ਹ - ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੀਆਂ ਤਸਵੀਰਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਹਨ।

ਸੀ.ਐੱਮ. ਮਾਨ ਨੇ ਆਪਣੇ 'ਐਕਸ' ਹੈਂਡਲ 'ਤੇ ਤਸਵੀਰਾਂ ਸਾਂਝੀਆਂ ਕਰਦਿਆਂ ਲਿਖਿਆ ਕਿ ਪੰਜਾਬੀ ਬੋਲੀ ਤੇ ਗਾਇਕੀ ਨੂੰ ਸਰਹੱਦਾਂ ਤੋਂ ਉੱਪਰ ਉਠਾਉਣ ਵਾਲੇ ਛੋਟੇ ਵੀਰ ਦਿਲਜੀਤ ਦੋਸਾਂਝ ਨੂੰ ਮਿਲ ਕੇ ਅੱਜ ਬਹੁਤ ਖ਼ੁਸ਼ੀ ਤੇ ਸਕੂਨ ਮਿਲਿਆ। ਪਰਮਾਤਮਾ ਪੰਜਾਬ, ਪੰਜਾਬੀਅਤ ਤੇ ਪੰਜਾਬੀਆਂ ਦੇ ਪ੍ਰਤੀਨਿਧੀਆਂ ਤੇ ਪਹਿਰੇਦਾਰਾਂ ਨੂੰ ਹਮੇਸ਼ਾ ਚੜ੍ਹਦੀਕਲਾ 'ਚ ਰੱਖੇ। ਨਾਲ ਹੀ ਉਨ੍ਹਾਂ ਨੇ ਇਹ ਵੀ ਲਿਖਿਆ, 'ਪੰਜਾਬੀ ਆ ਗਏ ਓਏ, ਛਾ ਗਏ ਓਏ!'

# ਰੇਣੂਕਾ ਸਵਾਮੀ ਕਤਲ ਕੇਸ 'ਚ ਅਦਾਕਾਰ ਦਰਸ਼ਨ ਨੂੰ ਮਿਲੀ ਜ਼ਮਾਨਤ



ਮੁੰਬਈ- ਕੰਨੜ ਸਿਨੇਮਾ ਦੇ ਸੁਪਰਸਟਾਰ ਦਰਸ਼ਨ ਥੁਗੁਦੀਪਾ ਨੂੰ ਵੱਡੀ ਰਾਹਤ ਮਿਲੀ ਹੈ। ਕਰਨਾਟਕ ਹਾਈ ਕੋਰਟ ਨੇ ਹਾਈ ਪ੍ਰੋਫਾਈਲ ਰੇਣੂਕਾ ਸਵਾਮੀ ਕਤਲ ਕੇਸ ਵਿੱਚ ਅਦਾਕਾਰਾ ਨੂੰ ਜ਼ਮਾਨਤ ਦੇ ਦਿੱਤੀ ਹੈ। ਇਹ ਉਨ੍ਹਾਂ ਮਾਮਲਿਆਂ ਵਿੱਚ ਸ਼ਾਮਲ ਹੈ ਜਿਨ੍ਹਾਂ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ। ਕਿਵੇਂ ਇੱਕ ਹੀਰੋ ਨੇ ਆਪਣੇ ਹੀ ਫੈਨ ਨੂੰ ਮਾਰਿਆ ਇਸ ਦੀ ਕਹਾਣੀ ਹੈਰਾਨ ਕਰਨ ਵਾਲੀ ਹੈ।

9 ਜੂਨ ਨੂੰ, 33 ਸਾਲਾ ਆਟੋ ਡਰਾਈਵਰ ਰੇਣੂਕਾ ਸਵਾਮੀ ਬੈਂਗਲੁਰੂ ਦੇ ਫਲਾਈਓਵਰ 'ਤੇ ਮ੍ਰਿਤਕ ਪਾਈ ਗਈ ਸੀ। ਰੇਣੂਕਾ ਅਦਾਕਾਰਾ ਦੀ ਪ੍ਰਸ਼ੰਸਕ ਸੀ। ਦਰਸ਼ਨ ਦੇ ਕਹਿਣ 'ਤੇ ਉਸ ਨੂੰ ਅਗਵਾ ਕਰ ਲਿਆ ਗਿਆ। ਜਿਸ ਤੋਂ ਬਾਅਦ ਉਸ ਦਾ ਕਤਲ ਕਰ ਦਿੱਤਾ ਗਿਆ। ਰੇਣੂਕਾ ਦੀ ਮੌਤ ਇਸ ਲਈ ਹੋਈ ਕਿਉਂਕਿ ਉਹ ਦਰਸ਼ਨ ਦੀ ਪ੍ਰੇਮਿਕਾ ਪਵਿਤਰ ਗੌੜਾ ਨੂੰ ਤੰਗ ਕਰ ਰਹੀ ਸੀ। ਇਹ ਘਟਨਾ ਬੈਂਗਲੁਰੂ ਦੇ ਪਤੰਗੇਰੇ ਪਿੰਡ ਦੀ ਹੈ। ਰੇਣੂਕਾ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਦਰਸ਼ਨ ਨੇ ਆਪਣੇ ਵਟਸਐਪ 'ਤੇ ਰੇਣੂਕਾ ਦੀ ਮੌਤ ਦੀ ਸੂਚਨਾ ਦਿੱਤੀ।

ਲਾਸ਼ ਦਾ ਨਿਪਟਾਰਾ ਕਰਨ ਲਈ ਸਾਰੇ ਦੋਸ਼ੀ ਕਾਮਾਕਸ਼ੀਪਾਲਿਆ ਪਹੁੰਚੇ ਅਤੇ ਉੱਥੇ ਰੇਣੂਕਾ ਦੀ ਲਾਸ਼ ਨੂੰ ਨਾਲੇ ਕੋਲ ਸੁੱਟ ਦਿੱਤਾ। ਮਾਮਲੇ ਨੂੰ ਪਲਟਣ ਲਈ ਮੁਲਜ਼ਮ ਥਾਣੇ ਜਾ ਕੇ ਆਤਮ ਸਮਰਪਣ ਕਰ ਦਿੱਤਾ। ਇਸ ਨੂੰ 30 ਲੱਖ ਰੁਪਏ ਦੇ ਵਿਵਾਦ ਵਜੋਂ ਪੇਸ਼ ਕੀਤਾ ਗਿਆ ਸੀ ਪਰ ਪੁਲਸ ਨੇ ਦੋਸ਼ੀਆਂ ਦੀਆਂ ਗੱਲਾਂ 'ਤੇ ਵਿਸ਼ਵਾਸ ਨਹੀਂ ਕੀਤਾ।

ਜਾਂਚ ਅੱਗੇ ਵਧੀ ਅਤੇ ਸਾਰਿਆਂ ਨੇ ਸੱਚਾਈ ਦਾ ਖੁਲਾਸਾ ਕੀਤਾ। ਪੁਲਸ ਨੇ ਇਸ ਮਾਮਲੇ 'ਚ ਦਰਸ਼ਨ, ਉਸ ਦੇ ਦੋਸਤ ਪਵਿੱਤਰਾ ਸਮੇਤ ਕਈ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਨੇ ਕਬੂਲ ਕੀਤਾ ਕਿ ਉਨ੍ਹਾਂ ਨੂੰ ਰੇਣੂਕਾ ਦੇ ਕਤਲ ਲਈ 30 ਲੱਖ ਰੁਪਏ ਦਿੱਤੇ ਗਏ ਸਨ। ਇਸ ਵਿਚ ਉਸ ਨੂੰ 5 ਲੱਖ ਰੁਪਏ ਐਡਵਾਂਸ ਮਿਲ ਗਏ।

ਇਹ ਖੁਲਾਸਾ ਹੋਇਆ ਕਿ ਦਰਸ਼ਨ ਰੇਣੂਕਾ ਦੇ ਕਤਲ ਦਾ ਮਾਸਟਰਮਾਈਂਡ ਸੀ। ਰੇਣੂਕਾ ਦਾ ਪੂਰਾ ਟ੍ਰੈਕ ਜਾਣਨ ਤੋਂ ਬਾਅਦ ਅਦਾਕਾਰ ਨੇ ਧੋਖੇ ਨਾਲ ਉਸ ਨੂੰ 8 ਜੂਨ ਨੂੰ ਅਗਵਾ ਕਰ ਲਿਆ।

ਉਸ ਨੂੰ ਬੈਂਗਲੁਰੂ ਦੇ ਕਾਮਾਕਸ਼ੀਪਾਲਿਆ ਇਲਾਕੇ ਵਿੱਚ ਇੱਕ ਸ਼ੈੱਡ ਵਿੱਚ ਰੱਖਿਆ ਗਿਆ ਅਤੇ ਤਸੀਹੇ ਦਿੱਤੇ ਗਏ। ਅੰਤ ਵਿੱਚ ਰੇਣੂਕਾ ਨੂੰ ਇੰਨਾ ਕੁੱਟਿਆ ਗਿਆ ਕਿ ਉਸਦੀ ਜਾਨ ਚਲੀ ਗਈ।

**ਦਰਸ਼ਨ ਨੇ ਜੇਲ੍ਹ 'ਚ ਵੀਵੀਆਈਪੀ ਟ੍ਰੀਟਮੈਂਟ**

ਦਰਸ਼ਨ ਦੇ ਸਲਾਖਾਂ ਪਿੱਛੇ ਜਾਣ ਤੋਂ ਬਾਅਦ ਵੀ ਵਿਵਾਦ ਖਤਮ ਨਹੀਂ ਹੋਇਆ। ਉਸ ਦੀ ਇਕ ਤਸਵੀਰ ਵਾਇਰਲ ਹੋਈ ਸੀ, ਜਿਸ 'ਚ ਉਹ ਜੇਲ 'ਚ ਕੁਰਸੀ 'ਤੇ ਬੈਠ ਕੇ ਖੁਸ਼ੀ ਨਾਲ ਚਾਹ ਦੀ ਚੁਸਕੀ ਲੈਂਦੇ ਅਤੇ ਸਿਗਰਟ ਪੀਂਦੇ ਨਜ਼ਰ ਆ ਰਹੇ ਸਨ।

ਉਸ ਦੇ ਨਾਲ ਜੇਲ੍ਹ ਦੇ ਦੋਸਤ ਵੀ ਮੌਜੂਦ ਸਨ। ਇਹ ਫੋਟੋ ਤਸਵੀਰ ਵਾਇਰਲ ਹੋਈ ਸੀ। ਦੋਸ਼ ਸਨ ਕਿ ਅਦਾਕਾਰ ਨੂੰ ਜੇਲ੍ਹ ਵਿੱਚ ਵੀਵੀਆਈਪੀ ਟ੍ਰੀਟਮੈਂਟ ਦਿੱਤਾ ਜਾ ਰਿਹਾ ਹੈ। ਵਧਦੇ ਵਿਵਾਦ ਨੂੰ ਦੇਖਦਿਆਂ ਜੇਲ੍ਹ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਤਲਬ ਕੀਤਾ ਗਿਆ।

# ਚਮਕੀਲੀ ਚਮੜੀ (Glowing Skin) ਦੇ ਲਈ ਫੇਸ ਮਾਸਕ

**1. ਐਗ (ਅੰਡਾ) ਮਾਸਕ**




ਇਹ ਮਾਸਕ ਬੇਹੱਦ ਰੁੱਖੀ ਚਮੜੀ ਦੇ ਲਈ ਲਾਭਕਾਰੀ ਹੈ। ਸੌਣ ਤੋਂ ਪਹਿਲਾਂ ਇਕ ਅੰਡੇ ਦੀ ਸਫ਼ੈਦੀ ਵਿਚ ਇਕ ਪੀਸਿਆ ਹੋਇਆ ਬਾਦਾਮ ਮਿਲਾਕੇ ਚਿਹਰੇ ਤੇ ਲਾਵੋ। ਸੁੱਕਣ ਤੇ ਪਾਣੀ ਨਾਲ ਧੋ ਦੇਵੋ ਅਤੇ ਮੋਇਸਚਰਾਈਜ਼ਰ ਲਾਵੋ।

**2. ਆੜੂ ਬਰਾਂਡੀ ਮਾਸਕ**

ਇਕ ਪੱਕਿਆ ਹੋਇਆ ਆੜੂ (peach) ਮੈਸ਼ ਕਰ ਲਵੋ। ਇਸ ਵਿਚ ਇਕ ਵੱਡਾ ਚਮਚਾ ਬਰਾਂਡੀ ਮਿਲਾਵੋ। ਚਿਹਰੇ ਤੇ ਲਾਵੋ। ਵੀਹ ਮਿੰਟਾਂ ਬਾਦ ਧੋ ਲਵੋ। ਇਸ ਮਾਸਕ ਦੇ ਲਈ ਜੇਕਰ ਤਾਜ਼ਾ ਆੜੂ ਨਾ ਮਿਲੇ ਤਾਂ ਬਾਜ਼ਾਰ ਵਿਚ ਮਿਲਣ ਵਾਲੇ ਕੈਨ ਜਾਂ ਫਰੋਜ਼ਨ ਆੜੂ ਦੀ ਵਰਤੋਂ ਕਰ ਸਕਦੇ ਹੋ।

**3. ਗਾਜਰ ਮਾਸਕ**




ਦੋ-ਤਿੰਨ ਵੱਡੀਆਂ ਗਾਜਰਾਂ ਨੂੰ ਪਕਾ ਕੇ ਮੈਸ਼ ਕਰ ਲਵੋ। ਇਸ ਵਿਚ ਸਾਢੇ ਚਾਰ ਵੱਡੇ ਚਮਚੇ ਸ਼ਹਿਦ ਮਿਲਾਵੋ। ਚਿਹਰੇ ਤੇ ਦਸ ਮਿੰਟਾਂ ਤੱਕ ਲਾ ਕੇ ਰੱਖੋ। ਫੇਰ ਠੰਢੇ ਪਾਣੀ ਨਾਲ ਧੋ ਦੇਵੋ। ਇਹ ਮਾਸਕ ਸਾਰੀਆਂ ਕਿਸਮਾਂ ਦੀ ਚਮੜੀ, ਖਾਸ ਤੌਰ ਤੇ ਸੰਵੇਦਨਸ਼ੀਲ (Sensitive) ਚਮੜੀ ਦੇ ਲਈ ਗੁਣਕਾਰੀ ਹੈ।

**4. ਕੇਲਾ ਮਿਕਸ ਮਾਸਕ**

ਬਾਊਲ ਵਿਚ ਇਕ ਪੂਰਾ ਪੱਕਿਆ ਹੋਇਆ ਕੇਲਾ, ਦੋ ਵੱਡੇ ਚਮਚੇ ਪੀਸੇ ਹੋਏ ਜਵੀਂ ਥੋੜ੍ਹਾ ਜਿਹਾ ਦੁੱਧ ਜਾਂ ਕਰੀਮ, ਚੁਟਕੀ ਭਰ ਜੈਫਲ ਅਤੇ ਦੋ ਵੱਡੇ ਚਮਚੇ ਕਣਕ ਦਾ ਆਟਾ ਲਵੋ ਅਤੇ ਚੰਗੀ ਤਰ੍ਹਾਂ ਮਿਲਾਵੋ। ਜ਼ਰੂਰੀ ਹੋਵੇ ਤਾਂ ਕਰੀਮ ਅਤੇ ਜੌਂ ਦੇ ਆਟੇ ਦੀ ਮਾਤਰਾ ਵਧਾ ਲਵੋ ਤਾਂ ਕਿ ਮਿਸ਼ਰਣ ਪੇਸਟ ਬਣ ਜਾਵੇ। ਸਾਫ਼ ਚਿਹਰੇ ਤੇ ਦਸ-ਪੰਦਰਾਂ ਮਿੰਟ ਲਾ ਕੇ ਰੱਖੋ। ਫੇਰ ਪਾਣੀ ਨਾਲ ਧੋ ਲਵੋ।

ਕੇਲਾ ਚਮੜੀ ਨੂੰ ਨਮ ਰੱਖਦਾ ਹੈ। ਜੈਫਲ ਦੇ ਐਂਟੀਸੈਪਟਿਕ ਗੁਣ ਚਮੜੀ ਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ। ਕਣਕ ਦੇ ਆਟੇ ਵਿਚ ਐਂਟੀ-ਔਕਸੀਡੈਂਟਸ ਦੀ ਮਾਤਰਾ ਵੱਧ ਹੁੰਦੀ ਹੈ ਅਤੇ ਦੁੱਧ ਅਤੇ ਜੌਂ ਚਮੜੀ ਨੂੰ ਮੁਲਾਇਮ ਅਤੇ ਚੀਕਣੀ ਬਣਾਉਂਦੇ ਹਨ।

**5. ਪੰਪਕਿਨ ਪਾਈ ਮਾਸਕ**

ਸਿਹਤਮੰਦ ਅਤੇ ਚਮਕੀਲੀ ਚਮੜੀ ਬਣਾਉਣ ਦੇ ਲਈ ਵਿਟਾਮਨ ਏ, ਵਿਟਾਮਨ ਸੀ ਅਤੇ ਜ਼ਿੰਕ (zinc) ਨਾਲ ਭਰਪੂਰ ਪੰਪਕਿਨ (ਪੇਠਾ ਕੱਦੂ) ਨਾਲ ਬਣਿਆ ਫੇਸ ਮਾਸਕ ਅਜ਼ਮਾਕੇ ਵੇਖੋ। ਇਸਦੇ ਲਈ ਪਹਿਲਾਂ ਪੇਠੇ ਨੂੰ ਪਕਾਕੇ ਮੈਸ਼ ਕਰ ਲਵੋ। ਹੁਣ ਦੋ ਛੋਟੇ ਚਮਚੇ ਪੇਠੇ ਦੀ ਪਿਊਰੀ ਵਿਚ ਇਕ ਛੋਟਾ ਚਮਚਾ ਸ਼ਹਿਦ ਅਤੇ ਇਕ ਚੌਥਾਈ ਛੋਟਾ ਚਮਚਾ ਦੁੱਧ ਮਿਲਾਵੋ। ਚਿਹਰੇ ਤੇ ਲਾ ਕੇ ਦਸ-ਪੰਦਰਾਂ ਮਿੰਟ ਆਰਾਮ (Relax) ਕਰੋ। ਕੋਸੇ ਪਾਣੀ ਨਾਲ ਧੋ ਲਵੋ। ਪੇਠੇ ਦੀ ਥਾਂ ਤੇ ਘੀਆ ਕੱਦੂ ਵੀ ਵਰਤਿਆ ਜਾ ਸਕਦਾ ਹੈ।

**6. ਤੇਜਪੱਤਾ ਕਲੇ (clay) ਮਾਸਕ**

ਇਸ ਮਾਸਕ ਦੇ ਲਈ ਬਾਜ਼ਾਰ ਵਿਚੋਂ ਡਿਸਟਿਲਡ ਵਾਟਰ ਅਤੇ ਫਰੈਂਚ ਕਲੇ ਖਰੀਦਣੇ ਪੈਣਗੇ। ਇਕ ਕੱਪ ਉਬਲੇ ਹੋਏ ਡਿਸਟਿਲਡ ਵਾਟਰ ਵਿਚ ਪੰਜ ਤੇਜ ਪੱਤੇ ਪਾਕੇ ਠੰਢਾ ਹੋਣ ਦੇਵੋ। ਪੁਣਕੇ ਪਾਣੀ ਵੱਖ ਕਰ ਲਵੋ। ਇਸ ਪਾਣੀ ਵਿਚ ਫਰੈਂਚ ਕਲੇ ਦਾ ਪੇਸਟ ਬਣਾਵੋ ਅਤੇ ਚਿਹਰੇ ਤੇ ਲਾ ਕੇ ਪੰਦਰਾਂ-ਵੀਹ ਮਿੰਟ ਆਰਾਮ ਕਰੋ। ਫੇਸ ਕੋਸੇ ਜਿਹੇ ਪਾਣੀ ਨਾਲ ਧੋ ਲਵੋ।




**7. ਐਲੋਵੇਰਾ ਇਫ਼ੈਕਟ**

ਐਲੋਵੇਰਾ ਪਾਣੀ ਚਮੜੀ ਨੂੰ ਨਮ ਕਰਦਾ ਹੈ। ਇਸਨੂੰ ਲਾਉਣਾ ਵੀ ਕਾਫੀ ਸੌਖਾ ਹੈ। ਬਸ, ਐਲੋਵੇਰਾ (ਕੰਵਾਰ) ਦੇ ਪੱਤੇ ਦਾ ਛੋਟਾ ਜਿਹਾ ਟੁਕੜਾ ਕੱਟ ਲਵੋ। ਉਸਦਾ ਗੁੱਦਾ ਕੱਢ ਲਵੋ ਅਤੇ ਚਿਹਰੇ ਤੇ ਲਾਵੋ, ਇਸਨੂੰ ਵੱਧ ਗਿੱਲਾ ਕਰਨਾ ਚਾਹੋ ਤਾਂ ਇਸ ਵਿਚ ਥੋੜ੍ਹਾ ਜਿਹਾ ਗਲਾਸਰੀਨ ਮਿਲਾ ਦੇਵੋ। ਐਲੋਵੇਰਾ ਦਿਨ ਵਿਚ ਇਕ ਵਾਰੀ ਲਾਉਣਾ ਹੀ ਤੰਦਰੁਸਤ ਚਮੜੀ ਦੇ ਲਈ ਕਾਫੀ ਹੈ। ਐਲੋਵੇਰਾ ਲਾਉਣ ਤੋਂ ਪਹਿਲਾਂ ਇਹ ਜ਼ਰੂਰ ਚੈਕ ਕਰ ਲਵੋ ਕਿ ਇਹ ਤੁਹਾਡੀ ਚਮੜੀ ਨੂੰ ਸੂਟ (Suit) ਕਰਦਾ ਹੈ ਜਾਂ ਨਹੀਂ।

**8. ਐਂਟੀ-ਏਜਿੰਗ ਮਾਸਕ**

* ਜਵੀਂ (Oat) ਦੇ ਆਟੇ ਦੀ ਮਾਸਕ : ਦੋ ਵੱਡੇ ਚਮਚੇ ਓਟਮੀਲ ਵਿਚ ਅੱਧਾ ਕੱਪ ਦੁੱਧ ਮਿਲਾਕੇ ਨਰਮ ਹੋਣ ਤੱਕ ਪਕਾਵੋ। ਇਸ ਵਿਚ ਦੋ ਛੋਟੇ ਚਮਚੇ ਜੈਤੂਨ ਦਾ ਤੇਲ ਮਿਲਾਵੋ ਅਤੇ ਠੰਢਾ ਹੋਣ ਦੇਵੋ। ਠੰਢਾ ਹੋਣ ਤੇ ਚਿਹਰੇ ਅਤੇ ਗਰਦਨ ਤੇ ਲਾਵੋ। ਲਗਭਗ ਪੱਚੀ ਮਿੰਟਾਂ ਬਾਦ ਕੋਸੇ ਪਾਣੀ ਨਾਲ ਧੋ ਲਵੋ। ਇਸ ਮਾਸਕ ਨੂੰ ਤੁਸੀਂ ਜਿੰਨੀ ਵਾਰ ਮਰਜੀ ਲਾ ਸਕਦੇ ਹੋ। ਔਟ ਚਮੜੀ ਨੂੰ ਕਸਦਾ ਹੈ ਅਤੇ ਦੁੱਧ ਚਮੜੀ ਨੂੰ ਡੂੰਘਾਈ ਤੱਕ ਨਮ ਕਰਦਾ ਹੈ।

* ਕੋਕੋਨਟ ਮਾਸਕ : ਕੋਕੋਨਟ ਦੇ ਤੇਲ ਵਿਚ ਸੰਤਰੇ ਜਾਂ ਗੁਲਾਬ ਦਾ ਏਸੈਂਸ਼ੀਅਲ ਤੇਲ (Essential oil) ਮਿਲਾਕੇ ਚਿਹਰੇ ਤੇ ਲਾਵੋ। ਇਸ ਨਾਲ ਬਾਰੀਕ ਰੇਖਾਵਾਂ ਘੱਟ ਹੁੰਦੀਆਂ ਹਨ।

* ਜੈਤੂਨ-ਅੰਡਾ ਇਫ਼ੈਕਟ (Olive-Egg Effect) : ਇਕ ਅੰਡੇ ਵਿਚ ਇਕ ਛੋਟਾ ਚਮਚਾ ਜੈਤੂਨ ਦਾ ਤੇਲ ਅਤੇ ਥੋੜ੍ਹਾ ਜਿਹਾ ਸ਼ਹਿਦ ਮਿਲਾਕੇ ਚਿਹਰੇ ਅਤੇ ਗਰਦਨ ਤੇ ਲਾਵੋ। ਸੁੱਕਣ ਦੇ ਬਾਦ ਇਸਨੂੰ ਉਤਾਰਨ ਦੇ ਲਈ ਗਰਮ ਪਾਣੀ ਵਿਚ ਇਕ ਛੋਟਾ ਚਮਚਾ ਮਿੱਠਾ ਸੋਡਾ ਮਿਲਾਵੋ ਅਤੇ ਇਸ ਪਾਣੀ ਵਿਚ ਰੂੰ ਭਿਉਂਕੇ ਚਿਹਰੇ ਨੂੰ ਪੂੰਝ ਲਵੋ। ਜੈਤੂਨ ਦੇ ਤੇਲ ਵਿਚ ਚਮੜੀ ਵਿਚ ਨਮੀ ਦਾ ਸੰਤੁਲਨ ਬਣਾਉਣ ਦੀ ਸਮਰੱਥਾ ਹੁੰਦੀ ਹੈ।

* ਮਿੰਟ (Mint) ਮਾਸਕ : ਇਕ ਆਲੂ ਪੱਕਿਆ ਹੋਇਆ ਅਤੇ ਬੀਜ ਕੱਢੇ ਹੋਏ, ਇਕ ਅੰਡੇ ਦੀ ਸਫ਼ੈਦੀ ਜਾਂ ਇਕ ਚੌਥਾਈ ਕੱਪ ਕਾਰਨ ਸਟਾਰਚ ਅਤੇ ਨੌਂ ਦਸ ਪੁਦੀਨੇ (Mint) ਦੇ ਪੱਤੇ ਇੱਕਠੇ ਮਿਲਾਕੇ ਬਲੈਂਡਰ ਵਿਚ ਪੀਸ ਲਵੋ। ਇਸ ਮਿਸ਼ਰਣ ਨੂੰ ਚਿਹਰੇ ਅਤੇ ਗਰਦਨ ਤੇ ਵੀਹ ਮਿੰਟ ਲਾ ਕੇ ਰੱਖੋ, ਫੇਰ ਧੋ ਦੇਵੋ। ਇਹ ਮਾਸਕ ਨਾ ਸਿਰਫ਼ ਚਮੜੀ ਨੂੰ ਕਸਦਾ ਹੀ ਹੈ, ਬਲਕਿ ਤਾਜ਼ਗੀ ਦਾ ਅਹਿਸਾਸ ਵੀ ਦਿੰਦਾ ਹੈ।



* ਕੈਬੇਜ ਮਾਸਕ : ਪੱਤਗੋਭੀ ਦੇ ਪੱਤਿਆਂ ਨੂੰ ਪੀਸਕੇ ਰਸ ਕੱਢ ਲਵੋ। ਇਸ ਵਿਚ ਇਕ ਚੌਥਾਈ ਛੋਟਾ ਚਮਚਾ (ਖਮੀਰ) ਮਿਲਾਵੋ ਅਤੇ ਇਕ ਛੋਟਾ ਚਮਚਾ ਸ਼ਹਿਦ ਪਾ ਲਵੋ। ਇਸ ਮਿਸ਼ਰਣ ਨੂੰ ਚਿਹਰੇ ਅਤੇ ਗਰਦਨ ਤੇ ਲਾਵੋ। ਪੰਦਰਾਂ ਮਿੰਟ ਸੁੱਕਣ ਦੇਵੋ। ਪਾਣੀ ਵਿਚ ਭਿੱਜੀ ਹੋਈ ਰੂੰ ਨਾਲ ਚਿਹਰਾ ਪੂੰਝ ਲਵੋ। ਇਸ ਮਾਸਕ ਨਾਲ ਚਮੜੀ ਤਰੋ ਤਾਜ਼ਾ ਵਿਖਾਈ ਦਿੰਦੀ ਹੈ। ਇਸ ਨਾਲ ਝੁਰੜੀਆਂ (Wrinkles) ਅਤੇ ਰੁੱਖਾਪਣ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ।

* ਪੋਟੈਟੋ (ਆਲੂ) ਮਾਸਕ : ਇਕ ਵੱਡਾ ਚਮਚਾ ਕੱਦੂਕਸ ਕੀਤਾ ਹੋਇਆ ਆਲੂ, ਅੱਡਾ ਵੱਡਾ ਚਮਚਾ ਦਹੀਂ-ਦੋਹਾਂ ਨੂੰ ਮਿਲਾਕੇ ਚਿਹਰੇ ਤੇ ਪੰਦਰਾਂ-ਵੀਹ ਮਿੰਟ ਲਾ ਕੇ ਰੱਖੋ। ਫੇਰ ਧੋ ਲਵੋ। ਰੁੱਖੀ ਚਮੜੀ ਦੇ ਲਈ ਫ਼ਾਇਦੇਮੰਦ ਹੁੰਦਾ ਹੈ।

* ਕੰਬੀਨੇਸ਼ਨ (Combination) ਮਾਸਕ : ਦੋ ਚਮਚੇ ਪੱਕੇ ਹੋਏ ਚੌਲ, ਇਕ ਚਮਚਾ ਪੀਸੇ ਹੋਏ ਬਾਦਾਮ, ਇਕ ਅੰਡੇ ਦੀ ਜ਼ਰਦੀ, ਸੱਤ ਬੂੰਦਾਂ ਨਿੰਬੂ ਦਾ ਰਸ-ਸਭ ਨੂੰ ਮਿਲਾਕੇ ਚੰਗੀ ਤਰ੍ਹਾਂ ਫੈਂਟ ਲਵੋ। ਇਸਨੂੰ ਚਿਹਰੇ ਤੇ ਲਾਵੋ। ਪੰਦਰਾਂ ਮਿੰਟਾਂ ਬਾਦ ਧੋ ਲਵੋ।

* ਆੜੂ ਮਾਸਕ : ਇਕ ਵੱਡਾ ਚਮਚਾ ਕਰੀਮ, ਚੁਟਕੀ ਭਰ ਹਲਦੀ, ਇਕ ਛੋਟਾ ਚਮਚਾ ਸ਼ਹਿਦ ਅਤੇ ਥੋੜ੍ਹਾ ਜਿਹਾ ਨਿੰਬੂ ਦਾ ਰਸ-ਇਹਨਾਂ ਸਭ ਨੂੰ ਮਿਲਾਕੇ ਪੇਸਟ ਬਣਾਵੋ। ਇਸ ਪੇਸਟ ਨੂੰ ਚਿਹਰੇ ਤੇ ਲਾਵੋ। ਵੀਹ ਮਿੰਟਾਂ ਬਾਦ ਚਿਹਰਾ ਧੋ ਲਵੋ। ਕਰੀਮ ਚਮੜੀ ਨੂੰ ਨਮ (ਤਰ) ਕਰਦੀ ਹੈ, ਨਿੰਬੂ ਅਤੇ ਸ਼ਹਿਦ ਚਿਹਰੇ ਨੂੰ ਬਲੀਚ ਕਰਦੇ ਹਨ ਅਤੇ ਹਲਦੀ ਕੁਦਰਤੀ ਐਂਟੀਸੈਪਟਿਕ ਦਾ ਕੰਮ ਕਰਦੀ ਹੈ।

* ਏਪਰੀਕੋਟ (Apricot) ਮਾਸਕ : ਏਪਰੀਕੋਟ (ਖੁਰਮਾਨੀ) ਨੂੰ ਮੈਸ਼ ਕਰ ਲਵੋ। ਕੋਸੇ ਜਿਹੇ ਜੈਤੂਨ ਦੇ ਤੇਲ ਵਿਚ ਮਿਲਾਕੇ ਪੇਸਟ ਬਣਾ ਲਵੋ। ਚਿਹਰੇ ਤੇ ਲਾਵੋ। ਇਹ ਰੁੱਖੀ ਚਮੜੀ ਨੂੰ ਨਮ ਰੱਖਦੀ ਹੈ ਅਤੇ ਚਮੜੀ ਨੂੰ ਵਿਟਾਮਨ ਏ ਵੀ ਮਿਲਦਾ ਹੈ।

ਚਮਕੀਲੀ ਚਮੜੀ ਦੇ ਲਈ ਨੁਕਤੇ

* ਇਕ ਛੋਟਾ ਚਮਚਾ ਬਾਰੀਕ ਪੀਸੇ ਹੋਏ ਅਖਰੋਟ ਵਿਚ ਨਿੰਬੂ ਦਾ ਰਸ ਅਤੇ ਸ਼ਹਿਦ ਮਿਲਾਵੋ। ਇਸ ਨਾਲ ਪੂਰੇ ਸਰੀਰ ਨੂੰ ਸਕਰੱਬ (Scrub) ਕਰੋ। ਵੀਹ ਮਿੰਟਾਂ ਬਾਦ ਠੰਢੇ ਪਾਣੀ ਨਾਲ ਧੋ ਦੇਵੋ।

* ਸੰਤਰੇ ਦੇ ਰਸ ਵਿਚ ਪੀਸੀ ਹੋਈ ਹਲਦੀ ਮਿਲਾਵੋ। ਇਸਨੂੰ ਸਰੀਰ ਦੇ ਉਹਨਾਂ ਭਾਗਾਂ ਤੇ ਲਾਵੋ ਜਿਹਨਾਂ ਤੇ ਧੁੱਪ ਪੈਂਦੀ ਹੈ। ਵੀਹ ਮਿੰਟਾਂ ਬਾਦ ਠੰਢੇ ਪਾਣੀ ਨਾਲ ਧੋ ਲਵੋ।

* ਇਕ ਤਰਬੂਜ਼ ਦੇ ਛੋਟੇ-ਛੋਟੇ ਟੁਕੜੇ ਕਰਕੇ ਉਸਦਾ ਰਸ ਕੱਢ ਲਵੋ। ਇਸ ਰਸ ਨੂੰ ਚਿਹਰੇ ਤੇ ਮਲੋ। ਪੰਦਰਾਂ ਮਿੰਟ ਬਾਦ ਚਿਹਰਾ ਧੋ ਲਵੋ। ਚਿਹਰਾ ਨਵੀਂ ਤਾਜ਼ਗੀ ਨਾਲ ਖਿੜ ਜਾਵੇਗਾ।

**9. ਕਲੀਂਜਿੰਗ (Cleansing) ਮਾਸਕ**

* ਇਹ ਮਾਸਕ ਹਰ ਕਿਸਮ ਦੀ ਚਮੜੀ ਦੇ ਲਈ ਲਾਭਕਾਰੀ ਹੈ। ਚਾਹੇ ਨਾਰਮਲ ਚਮੜੀ ਹੋਵੇ, ਚਿਪਚਿਪੀ ਜਾਂ ਮਿਸ਼ਰਤ। ਇਹ ਚਮੜੀ ਤੋਂ ਵਾਧੂ ਤੇਲ ਅਤੇ ਧੂੜ-ਮਿੱਟੀ ਦੇ ਕਣਾਂ ਨੂੰ ਸੋਖ ਲੈਂਦੀ ਹੈ ਅਤੇ ਚਮੜੀ ਖ਼ੂਬਸੂਰਤ ਬਣਕੇ ਕਸੀ ਵੀ ਜਾਂਦੀ ਹੈ।

* ਤਿੰਨ ਛੋਟੇ ਚਮਚੇ ਮੁਲਤਾਨੀ ਮਿੱਟੀ, ਇਕ ਛੋਟਾ ਚਮਚਾ ਦਹੀਂ, ਅੱਧਾ ਟਮਾਟਰ ਅਤੇ ਪੰਜ ਬੂੰਦਾਂ ਸੰਤਰੇ ਦਾ ਇਸੈਂਸ਼ੀਅਲ ਆਇਲ ਨੂੰ ਮਿਲਾਕੇ ਪੇਸਟ ਬਣਾਵੋ ਅਤੇ ਵੀਹ ਮਿੰਟ ਚਿਹਰੇ ਤੇ ਲਾ ਕੇ ਰੱਖੋ।

* ਇਕ ਛੋਟਾ ਚਮਚਾ ਸ਼ਹਿਦ, ਚਾਰ ਬੂੰਦਾਂ ਨਿੰਬੂ ਦਾ ਰਸ, ਚੁਟਕੀ ਭਰ ਲੂਣ, ਇਕ ਛੋਟਾ ਚਮਚਾ ਪਾਣੀ-ਇਹਨਾਂ ਸਭ ਨੂੰ ਮਿਲਾਕੇ ਚਿਹਰੇ ਤੇ ਅਪਲਾਈ (apply) ਕਰੋ। ਪੰਜ-ਸੱਤ ਮਿੰਟਾਂ ਬਾਦ ਧੋ ਲਵੋ।

## ਆਸਟ੍ਰੇਲੀਆ ਖ਼ਿਲਾਫ਼ ਵਿਰਾਟ ਕੋਹਲੀ ਦਾ 'ਸੈਂਕੜਾ', ਸਚਿਨ ਤੇਂਦੁਲਕਰ ਦੇ ਕਲੱਬ 'ਚ ਹੋਈ ਐਂਟਰੀ



ਭਾਰਤ ਤੇ ਆਸਟ੍ਰੇਲੀਆ ਵਿਚਾਲੇ 5 ਮੈਚਾਂ ਦੀ ਬਾਰਡਰ ਗਾਵਸਕਰ ਟੈਸਟ ਸੀਰੀਜ਼ ਦੇ ਤੀਜੇ ਮੈਚ ਦੇ ਪਹਿਲੇ ਦਿਨ ਦੀ ਖੇਡ ਬ੍ਰਿਸਬੇਨ 'ਚ ਖੇਡੀ ਗਈ। ਇਸ ਮੈਚ 'ਚ ਟੀਮ ਇੰਡੀਆ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਲਿਆ। ਜਿਵੇਂ ਹੀ ਭਾਰਤੀ ਟੀਮ ਮੈਦਾਨ 'ਤੇ ਉਤਰੀ ਉਦੋਂ ਹੀ ਵਿਰਾਟ ਕੋਹਲੀ ਨੇ ਆਪਣਾ ਇਕ ਅਨੋਖਾ ਸੈਂਕੜਾ ਪੂਰਾ ਕੀਤਾ। ਵਿਰਾਟ ਕੋਹਲੀ ਦਾ ਆਸਟ੍ਰੇਲੀਆ ਖਿਲਾਫ ਇਹ 100ਵਾਂ ਮੈਚ ਹੈ ਤੇ ਉਹ ਅਜਿਹਾ ਕਰਨ ਵਾਲੇ ਦੁਨੀਆ ਦੇ ਦੂਜੇ ਇਕਮਾਤਰ ਖਿਡਾਰੀ ਹਨ। ਜੀ ਹਾਂ, ਆਸਟ੍ਰੇਲੀਆ ਖਿਲਾਫ ਸਭ ਤੋਂ ਜ਼ਿਆਦਾ 110 ਮੈਚ ਖੇਡਣ ਦਾ ਰਿਕਾਰਡ ਸਚਿਨ ਤੇਂਦੁਲਕਰ ਦੇ ਨਾਂ ਹੈ। ਹੁਣ ਵਿਰਾਟ ਕੋਹਲੀ ਨੇ ਉਨ੍ਹਾਂ ਦੀ ਇਸ ਖਾਸ ਲਿਸਟ 'ਚ ਆਪਣੀ ਜਗ੍ਹਾ ਬਣਾ ਲਈ ਹੈ।

ਗੱਲ ਵਿਸ਼ਵ ਕ੍ਰਿਕਟ 'ਚ ਇਕ ਟੀਮ ਦੇ ਖਿਲਾਫ ਸਭ ਤੋਂ ਜ਼ਿਆਦਾ ਮੈਚ ਖੇਡਣ ਵਾਲੇ ਖਿਡਾਰੀਆਂ ਦੀ ਗੱਲ ਕਰੀਏ ਤਾਂ ਸਚਿਨ ਤੇਂਦੁਲਕਰ ਇਸ ਲਿਸਟ 'ਚ ਸਿਖਰ 'ਤੇ ਹਨ। ਜਦਕਿ ਇਸ ਲਿਸਟ 'ਚ ਸ਼੍ਰੀਲੰਕਾ ਦੇ ਦੋ ਲੀਜੈਂਡ ਸਨਥ ਜੈਸੂਰੀਆ ਤੇ ਮਹੇਲਾ ਜੈਵਰਧਨੇ ਦਾ ਨਾਂ ਵੀ ਆਉਂਦਾ ਹੈ। ਵਿਰਾਟ ਕੋਹਲੀ ਨੇ ਭਾਰਤੀ ਦਿੱਗਜ ਦੇ ਨਾਲ ਆਪਣੀ ਜਗ੍ਹਾ ਬਣਾਈ ਹੈ

ਇਕ ਟੀਮ ਦੇ ਖਿਲਾਫ ਸਭ ਤੋਂ ਜ਼ਿਆਦਾ ਮੈਚ ਖੇਡਣ ਵਾਲੇ ਖਿਡਾਰੀ

110 - ਸਚਿਨ ਤੇਂਦੁਲਕਰ ਬਨਾਮ ਆਸਟ੍ਰੇਲੀਆ
110 ਮਹੇਲਾ ਜੈਵਰਧਨੇ ਬਨਾਮ ਭਾਰਤ
109 ਸਚਿਨ ਤੇਂਦੁਲਕਰ ਬਨਾਮ ਸ਼੍ਰੀਲੰਕਾ
105 ਸਨਥ ਜੈਸੂਰੀਆ ਬਨਾਮ ਪਾਕਿਸਤਾਨ
103 ਸਨਥ ਜੈਸੂਰੀਆ ਬਨਾਮ ਭਾਰਤ
103 ਮਹੇਲਾ ਜੈਵਰਧਨੇ ਬਨਾਮ ਪਾਕਿਸਤਾਨ
100 ਵਿਰਾਟ ਬਨਾਮ ਆਸਟ੍ਰੇਲੀਆ

ਜ਼ਿਕਰਯੋਗ ਹੈ ਕਿ ਤੀਜੇ ਟੈਸਟ ਮੈਚ ਦੇ ਪਹਿਲੇ ਦਿਨ ਦੀ ਖੇਡ 'ਚ ਭਾਰਤ ਨੇ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਮੀਂਹ ਨਾਲ ਪ੍ਰਭਾਵਿਤ ਮੈਚ 'ਚ ਅੱਜ ਦਿਨ ਦੀ ਖੇਡ ਖਤਮ ਹੋਣ ਸਮੇਂ ਤਕ ਆਸਟ੍ਰੇਲੀਆ ਨੇ 13.2 ਓਵਰਾਂ 28 ਦੌੜਾਂ ਬਣਾ ਲਈਆਂ ਸਨ।

## IND vs AUS 3rd Test : ਮੀਂਹ ਕਾਰਨ ਪਹਿਲੇ ਦਿਨ ਦੀ ਖੇਡ ਛੇਤੀ ਖਤਮ



ਲਗਾਤਾਰ ਮੀਂਹ ਕਾਰਨ ਭਾਰਤ ਅਤੇ ਆਸਟਰੇਲੀਆ ਵਿਚਾਲੇ ਤੀਜੇ ਟੈਸਟ ਦੇ ਪਹਿਲੇ ਦਿਨ ਖਤਮ ਹੋ ਗਈ ਹੈ। ਮੈਚ ਦੇ ਪਹਿਲੇ ਦਿਨ ਸਿਰਫ਼ 13.2 ਓਵਰ ਹੀ ਖੇਡੇ ਜਾ ਸਕੇ। ਸਟੰਪ ਤੱਕ ਆਸਟਰੇਲੀਆ ਨੇ ਪਹਿਲੀ ਪਾਰੀ ਵਿੱਚ ਬਿਨਾਂ ਕਿਸੇ ਨੁਕਸਾਨ ਦੇ 28 ਦੌੜਾਂ ਬਣਾ ਲਈਆਂ ਸਨ। ਉਸਮਾਨ ਖਵਾਜਾ 19 ਦੌੜਾਂ ਤੇ ਨਾਥਨ ਮੈਕਸਵੀਨੀ ਚਾਰ ਦੌੜਾਂ ਬਣਾ ਕੇ ਨਾਬਾਦ ਹਨ।


ਗਾਬਾ ਟੈਸਟ ਦੇ ਪਹਿਲੇ ਦਿਨ ਮੀਂਹ ਕਾਰਨ ਖੇਡ ਵਿੱਚ ਵਾਰ-ਵਾਰ ਵਿਘਨ ਪਿਆ। ਪਹਿਲੀ ਵਾਰ 5.3 ਓਵਰਾਂ ਤੋਂ ਬਾਅਦ ਮੀਂਹ ਕਾਰਨ 20-25 ਮਿੰਟ ਦੀ ਖੇਡ ਬਰਬਾਦ ਹੋਈ। ਫਿਰ 13.2 ਓਵਰਾਂ ਤੋਂ ਬਾਅਦ ਇਕ ਵਾਰ ਫਿਰ ਖੇਡ ਨੂੰ ਰੋਕਣਾ ਪਿਆ।

ਸ਼ੁਰੂਆਤੀ ਦਿਨ ਪਹਿਲੇ ਸੈਸ਼ਨ 'ਚ ਵੀ ਕੁਝ ਖੇਡ ਸੰਭਵ ਸੀ ਪਰ ਲੰਚ ਬ੍ਰੇਕ ਤੋਂ ਪਹਿਲਾਂ ਬਾਰਿਸ਼ ਫਿਰ ਸ਼ੁਰੂ ਹੋ ਗਈ ਅਤੇ ਮੈਚ ਨੂੰ ਰੋਕਣਾ ਪਿਆ।

ਦੂਜੇ ਸੈਸ਼ਨ ਦੀ ਖੇਡ ਪੂਰੀ ਤਰ੍ਹਾਂ ਨਾਲ ਧੋਤੀ ਗਈ ਪਰ ਇਸ ਤੋਂ ਬਾਅਦ ਵੀ ਸਥਿਤੀ ਨਹੀਂ ਬਦਲੀ ਅਤੇ ਅੰਪਾਇਰ ਨੇ ਸਟੰਪ ਦਾ ਫੈਸਲਾ ਕੀਤਾ।

ਪਹਿਲੇ ਦਿਨ ਮੀਂਹ ਦੇ ਵਿਘਨ ਕਾਰਨ ਹੁਣ ਦੂਜੇ ਦਿਨ 98 ਓਵਰ ਸੁੱਟੇ ਜਾਣਗੇ ਅਤੇ ਮੈਚ ਨਿਰਧਾਰਤ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਸ਼ੁਰੂ ਹੋਵੇਗਾ। ਯਾਨੀ ਦੂਜੇ ਦਿਨ ਦਾ ਮੈਚ ਭਾਰਤੀ ਸਮੇਂ ਅਨੁਸਾਰ ਸਵੇਰੇ 5:20 ਵਜੇ ਸ਼ੁਰੂ ਹੋਵੇਗਾ।

## ਗਿਲੇਸਪੀ ਨੇ ਪਾਕਿਸਤਾਨ ਦੇ ਟੈਸਟ ਕੋਚ ਅਹੁਦੇ ਤੋਂ ਦਿੱਤਾ ਅਸਤੀਫਾ



ਲਾਹੌਰ- ਜੈਸਨ ਗਿਲੇਸਪੀ ਨੇ ਪਾਕਿਸਤਾਨ ਦੀ ਟੈਸਟ ਟੀਮ ਦੇ ਕੋਚ ਦੇ ਰੂਪ ਵਿਚ ਆਪਣੀ ਭੂਮਿਕਾ ਛੱਡ ਦਿੱਤੀ ਹੈ ਜਿਸ ਤੋਂ ਬਾਅਦ ਪਾਕਿਸਤਾਨ ਕ੍ਰਿਕਟ ਬੋਰਡ (ਪੀ. ਸੀ. ਬੀ.) ਨੇ ਵੀਰਵਾਰ ਨੂੰ ਸਾਬਕਾ ਤੇਜ਼ ਗੇਂਦਬਾਜ਼ ਆਕਿਬ ਜਾਵੇਦ ਨੂੰ ਦੱਖਣੀ ਅਫਰੀਕਾ ਵਿਰੁੱਧ ਆਗਾਮੀ ਦੋ ਮੈਚਾਂ ਦੀ ਲੜੀ ਲਈ ਇਹ ਜ਼ਿੰਮੇਵਾਰੀ ਸੌਂਪੀ ਹੈ। ਪਾਕਿਸਤਾਨ 26 ਦਸੰਬਰ ਤੋਂ ਦੱਖਣੀ ਅਫਰੀਕਾ ਵਿਰੁੱਧ ਦੋ ਟੈਸਟ ਖੇਡੇਗਾ। ਟੀਮ ਟੈਸਟ ਤੋਂ ਪਹਿਲਾਂ ਸੀਮਤ ਓਵਰਾਂ ਦੀ ਲੜੀ ਲਈ ਦੱਖਣੀ ਅਫਰੀਕਾ ਵਿਚ ਹੀ ਹੈ।

ਆਕਿਬ ਮੌਜੂਦਾ ਸਮੇਂ ਵਿਚ ਪਾਕਿਸਤਾਨ ਦੀ ਸਫੈਦ ਗੇਂਦ ਦੀ ਟੀਮ ਦਾ ਵੀ ਅੰਤ੍ਰਿਮ ਕੋਚ ਹੈ। ਗਿਲੇਸਪੀ ਦਾ ਕਰਾਰ 2026 ਵਿਚ ਖਤਮ ਹੋਣ ਵਾਲਾ ਸੀ ਪਰ ਪੀ. ਸੀ. ਬੀ. ਵੱਲੋਂ ਟਿਮ ਨੀਲਸਨ ਦੇ ਕਰਾਰ ਦੀ ਸਮੀਖਿਆ ਨਾ ਕਰਨ ਤੋਂ ਬਾਅਦ ਉਸ ਨੇ ਅਸਤੀਫਾ ਦੇ ਦਿੱਤਾ।

ਗਿਲੇਸਪੀ ਦੀ ਸਿਫਾਰਿਸ਼ 'ਤੇ ਨੀਲਸਨ ਨੂੰ ਟੀਮ ਦਾ ਹਾਈ ਪ੍ਰਫਾਰਮੈਂਸ ਕੋਚ ਨਿਯੁਕਤ ਕੀਤਾ ਗਿਆ ਸੀ। ਗਿਲੇਸਪੀ ਪੀ. ਸੀ. ਬੀ. ਦੇ ਉਸ ਫੈਸਲੇ ਤੋਂ ਵੀ ਨਾਰਾਜ਼ ਸੀ, ਜਿਸ ਵਿਚ ਉਸ ਤੋਂ ਟੀਮ ਚੋਣ ਤੇ ਪਿੱਚ ਦੀ ਤਿਆਰੀ ਵਿਚ ਸ਼ਾਮਲ ਹੋਣ ਵਰਗੀਆਂ ਸ਼ਕਤੀਆਂ ਵਾਪਸ ਲੈ ਲਈਆਂ ਗਈਆਂ ਸਨ।

## ਵੈਸਟਇੰਡੀਜ਼ ਨੇ ਵਨ ਡੇ 'ਚ ਕੀਤਾ ਬੰਗਲਾਦੇਸ਼ ਦਾ ਸੂਪੜਾ ਸਾਫ



ਬਾਸਟੇਯਰ- ਆਮਿਰ ਜੰਗੂ (ਅਜੇਤੂ 104), ਕੇ. ਸੀ. ਕਾਟਰੀ (95) ਤੇ ਗੁਡਾਕੇਸ਼ ਮੋਤੀ (ਅਜੇਤੂ 44 ਤੇ 1 ਵਿਕਟ) ਦੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਵੈਸਟਇੰਡੀਜ਼ ਨੇ ਤੀਜੇ ਵਨ ਡੇ ਮੁਕਾਬਲੇ ਵਿਚ ਬੰਗਲਾਦੇਸ਼ ਨੂੰ 4 ਵਿਕਟਾਂ ਨਾਲ ਹਰਾਇਆ।

ਇਸ ਦੇ ਨਾਲ ਹੀ ਵੈਸਟਇੰਡੀਜ਼ ਨੇ 3 ਵਨ ਡੇ ਮੈਚਾਂ ਦੀ ਸੀਰੀਜ਼ ਵਿਚ ਬੰਗਲਾਦੇਸ਼ ਦਾ ਸੂਪੜਾ ਸਾਫ ਕਰ ਦਿੱਤਾ।104 ਦੌੜਾਂ ਦੀ ਬਿਹਤਰੀਨ ਪਾਰੀ ਖੇਡਣ ਵਾਲੇ ਆਮਿਰ ਜੰਗੂ 'ਪਲੇਅਰ ਆਫ ਦਿ ਮੈਚ' ਨਾਲ ਤੇ ਸ਼ਰਫੇਨ ਰਦਰਫੋਰਡ ਨੂੰ ਉਸਦੇ ਸ਼ਾਨਦਾਰ ਪ੍ਰਦਰਸ਼ਨ ਲਈ 'ਪਲੇਅਰ ਆਫ ਦਿ ਸੀਰੀਜ਼' ਨਾਲ ਨਵਾਜਿਆ ਗਿਆ।

ਬੰਗਲਾਦੇਸ਼ ਦੀਆਂ 321 ਦੌੜਾਂ ਦੇ ਜਵਾਬ ਵਿਚ ਬੱਲੇਬਾਜ਼ੀ ਕਰਨ ਉਤਰੀ ਵੈਸਟਇੰਡੀਜ਼ ਦੀ ਸ਼ੁਰੂਆਤ ਚੰਗੀ ਨਹੀਂ ਰਹੀ ਤੇ ਉਸ ਨੇ 36 ਦੌੜਾਂ ਦੇ ਸਕੋਰ 'ਤੇ ਆਪਣੀਆਂ 3 ਵਿਕਟਾਂ ਗੁਆ ਦਿੱਤੀਆਂ ਪਰ ਫਿਰ ਬਾਕੀ ਬੱਲੇਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਉਸ ਨੇ 45.5 ਓਵਰਾਂ ਵਿਚ 6 ਵਿਕਟਾਂ 'ਤੇ 325 ਦੌੜਾਂ ਬਣਾ ਕੇ ਮੁਕਾਬਲਾ 4 ਵਿਕਟਾਂ ਨਾਲ ਜਿੱਤ ਲਿਆ।

# WHITE ROSE BUILDERS

*We do not build houses, We create homes...*

*Proudly Celebrating*

## 20 Years in Business



# DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER · BUILDING CONFIDENCE · www.dbh.govt.nz

New Zealand Certified Builders Association · NZCB · 20 Years of · Turning Dreams Into Reality

Halo · 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 · +64 274 483 758 · info@dreamline.co.nz · www.dreamline.co.nz

100% NZ OWNED & OPERATED